Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 March 2022
ਅੰਕ: 144



ਕੇਸਗੜ੍ਹ ਸਾਹਿਬ ਦੀ ਇਹ ਲਲਕਾਰ
ਸਾਬਤ ਸੂਰਤ ਸਿਰ ਦਸਤਾਰ

ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ ।

ਸਿੱਖ ਲਈ ਅੰਮ੍ਰਿਤ ਛਕਣਾ ਕਿੰਨਾ ਜ਼ਰੂਰੀ ਹੈ?

ਅੰਦਰ ਪੜ੍ਹੋ ਜੀ

# ਪਿਆਰ ਭਰੀ
# ਨਿੱਘੀ ਸ਼ਰਧਾਂਜਲੀ



ਭਾਈ ਪ੍ਰਿਤਪਾਲ ਸਿੰਘ ਜੀ

ਪਿਛਲੇ ਦਿਨੀਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਫੁਲਵਾੜੀ ਦੇ ਮਹਿਕਦੇ ਫੁੱਲ ਭਾਈ ਪ੍ਰਿਤਪਾਲ ਸਿੰਘ ਜੀ (ਸੰਚਾਲਕ : ਬੀਬੀ ਕੌਲਾਂ ਜੀ ਸੰਗਤ ਨਿਵਾਸ) ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਰੂਪੀ ਪੂੰਜੀ ਪੂਰੀ ਕਰਕੇ ਸਦੀਵੀ ਵਿਛੋੜਾ ਦੇ ਗਏ ਹਨ। ਨਿਮਰਤਾ, ਸਾਦਗੀ ਨਾਲ ਭਰਪੂਰ ਭਾਈ ਪ੍ਰਿਤਪਾਲ ਸਿੰਘ ਜੀ ਦੀ ਸ਼ਖਸੀਅਤ ਕਿਸੇ ਤੋਂ ਛਿਪੀ ਹੋਈ ਨਹੀਂ। ਗੁਰੂ ਘਰ ਦੇ ਸਾਰੇ ਕਾਰਜਾਂ ਨੂੰ ਬੜੀ ਤਨਦੇਹੀ ਅਤੇ ਲਗਨ ਨਾਲ ਕਰਨਾ ਉਨ੍ਹਾਂ ਨੇ ਹਮੇਸ਼ਾਂ ਆਪਣਾ ਪਰਮ ਕਰਤੱਵ ਸਮਝਿਆ। ਅੰਮ੍ਰਿਤ ਵੇਲੇ ਗੁਰਦੁਆਰਾ ਕੌਲਸਰ ਸਾਹਿਬ ਵਿਖੇ ਇਸ਼ਨਾਨ ਦੀ ਸੇਵਾ ਤੋਂ ਲੈ ਕੇ ਰਾਤ ਪੈਣ ਤੱਕ ਟਰੱਸਟ ਵੱਲੋਂ ਸੌਂਪੇ ਗਏ ਹਰ ਕਾਰਜ ਨੂੰ ਬੜੀ ਹੀ ਜ਼ਿਮੇਵਾਰੀ ਨਾਲ ਨਿਭਾਇਆ ਤੇ ਸਭ ਤੋਂ ਵੱਡੀ ਗੱਲ, ਕਿਸੇ ਵੀ ਕਾਰਜ ਨੂੰ ਕਰਦਿਆਂ ਕਦੀ ਆਲਸ ਨਹੀਂ ਕੀਤਾ। ਭਾਈ ਪ੍ਰਿਤਪਾਲ ਸਿੰਘ ਜੀ ਦਾ ਜੀਵਨ ਕਰਨੀ ਵਾਲਾ ਜੀਵਨ ਸੀ ਤੇ ਉਨ੍ਹਾਂ ਦੇ ਜੀਵਨ ਨੂੰ ਦੇਖ ਕੇ ਇਹੀ ਪ੍ਰੇਰਨਾ ਮਿਲਦੀ ਹੈ ਕਿ ਗੁਰੂ ਘਰ ਦੇ ਕਾਰਜ ਪੂਰੇ ਚਾਅ ਨਾਲ ਕਰਨਾ ਹੀ ਅਸਲੀ ਜੀਵਨ ਹੈ। ਜਿੱਥੇ-ਜਿੱਥੇ ਵੀ ਉਨ੍ਹਾਂ ਦੀ ਡਿਊਟੀ ਲਗਾਈ, ਉਨ੍ਹਾਂ ਨੇ ਹਰ ਡਿਊਟੀ ਨੂੰ ਬੜੇ ਸਿਦਕ ਨਾਲ ਨਿਭਾਇਆ। ਭਾਈ ਪ੍ਰਿਤਪਾਲ ਸਿੰਘ ਜੀ ਜਦੋਂ ਵੀ ਮਿਲਦੇ ਸਨ, ਉਨ੍ਹਾਂ ਦੇ ਬੋਲਣ ਦੇ ਲਹਿਜ਼ੇ ਵਿੱਚ ਇੰਨਾ ਆਪਣਾਪੰਨ ਹੁੰਦਾ ਸੀ ਤੇ ਦੂਜੇ ਨੂੰ ਇੰਝ ਮਹਿਸੂਸ ਹੁੰਦੇ ਹਨ, ਜਿਵੇਂ ਉਹ ਉਨ੍ਹਾਂ ਨੂੰ ਕਾਫੀ ਚਿਰ ਤੋਂ ਜਾਣਦੇ ਹੋਣ। ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸ਼ੁਰੂਆਤੀ ਸਾਲਾਂ ਤੋਂ ਲੈ ਕੇ ਇਸ ਦੇ ਦਰੱਖਤ ਬਣਨ ਤੱਕ ਭਾਈ ਪ੍ਰਿਤਪਾਲ ਸਿੰਘ ਜੀ ਨੇ ਆਪਣੇ ਹੱਥੀਂ ਸਾਰੀਆਂ ਸੇਵਾਵਾਂ ਨਿਭਾਅ ਕੇ, ਹਰ ਸਮੇਂ ਮੋਢੇ ਨਾਲ ਮੋਢਾ ਜੋੜ ਕੇ ਇਸ ਨੂੰ ਪਾਣੀ ਦੇ ਕੇ ਆਪ ਸਿੰਜਿਆ। ਆਪਣੀਆਂ ਪਰਿਵਾਰਿਕ ਅਤੇ ਗ੍ਰਹਿਸਥੀ ਜ਼ਿੰਮੇਵਾਰੀਆਂ ਨੂੰ ਵੀ ਪੂਰੀ ਲਗਨ ਨਾਲ ਨਿਭਾਇਆ ਪਰ ਪਹਿਲ ਹਰ ਸਮੇਂ ਗੁਰੂ ਸਾਹਿਬ ਦੇ ਕਾਰਜਾਂ ਨੂੰ ਹੀ ਦਿੱਤੀ।

ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਭਾਵੇਂ ਭਾਈ ਪ੍ਰਿਤਪਾਲ ਸਿੰਘ ਜੀ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਨਿੱਘੀ ਸ਼ਖਸੀਅਤ ਸਾਨੂੰ ਹਰ ਸਮੇਂ ਪ੍ਰੇਰਨਾ ਦਿੰਦੀ ਰਹੇਗੀ।

*-ਭਾਈ ਗੁਰਇਬਾਲ ਸਿੰਘ*

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-144ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਲਈ ਅੰਮ੍ਰਿਤ ਛਕਣਾ ਕਿੰਨਾ ਜ਼ਰੂਰੀ ਹੈ? 5
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 13
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 14
ਜ਼ਿੰਦਗੀ ਦੀਆਂ ਬਰੀਕੀਆਂ 16
ਆਪਿ ਮੁਕਤੁ ਮੁਕਤ ਕਰੈ ਸੰਸਾਰੁ॥ 23
ਅਧਿਆਤਮਿਕ ਵਿਚਾਰਾਂ 25
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਉਨ੍ਹੀਵਾਂ ਭਾਗ- ਧੰਨ ਧੰਨ ਬੀਬੀ ਅਮਰੋ ਜੀ 26
400 ਸਾਲ ਗੁਰ ਇਤਿਹਾਸ ਦੇ ਨਾਲ 34
ਅਨਮੋਲ ਬਚਨ 36
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 37
खालसे की निशानी क्या है? 39
जिंदगी की बारीकियाँ 46
हमारी की सेवा एवं सिमरन पर गुरु की खुशी
की मोहर लग गई है, कैसे पता लगेगा? 52
Grandson, the Volume of Baani 55
Which are the Ten Sins? 60

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰੂ ਸਾਹਿਬ ਜੀ ਦੀ ਕਿਰਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਦੇ ਕਾਲਮਾਂ ਵਿੱਚ ਸਮੇਂ-ਸਮੇਂ ਤੇ ਉਨ੍ਹਾਂ ਵਿਸ਼ਿਆਂ ਨੂੰ ਵੀ ਛੂਹਿਆ ਜਾਂਦਾ ਹੈ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਵਿੱਚ ਅਤੇ ਗੁਰਬਾਣੀ ਵਿੱਚ ਉਜਾਗਰ ਕੀਤਾ ਹੈ। ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ, ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦੀ ਸੱਤਵੀਂ ਜੋਤ ਜਿਨ੍ਹਾਂ ਨੇ ਹਰਿਆਵਲ ਨਾਲ ਬਹੁਤ ਪਿਆਰ ਕੀਤਾ। ਸਮੇਂ ਦੀ ਲੋੜ ਨੂੰ ਸਮਝਦਿਆਂ ਗੁਰੂ ਸਾਹਿਬ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਅਨੇਕਾਂ ਸੁੰਦਰ ਬਾਗ ਬਣਵਾਏ। ਇਤਿਹਾਸ ਵਿੱਚ ਇੱਥੋਂ ਤੱਕ ਲਿਖਿਆ ਹੈ ਕਿ ਗੁਰੂ ਸਾਹਿਬ ਜੀ ਨੇ ਕਈ ਮਾਲੀ ਵੀ ਤਿਆਰ ਕੀਤੇ। ਅੱਜ ਦੇ ਸਮੇਂ ਵਿੱਚ ਗੁਰੂ ਸਾਹਿਬ ਜੀ ਦੇ ਜੀਵਨ ਵਿੱਚੋਂ ਸਾਡੇ ਲਈ ਇਹ ਬੜੀ ਵੱਡੀ ਸੇਧ ਹੈ ਅਤੇ ਗੁਰੂ ਸਾਹਿਬ ਜੀ ਦੀ ਇਸ ਪ੍ਰੇਰਨਾ ਨੂੰ ਸੰਭਾਲਣ ਦੀ ਲੋੜ ਹੈ।

ਜਿਵੇਂ-ਜਿਵੇਂ ਸਮਾਜਿਕ ਪਸਾਰਾ ਵੱਧਦਾ ਜਾ ਰਿਹਾ ਹੈ, ਹਰਿਆਵਲ ਬਹੁਤ ਘੱਟਦੀ ਜਾ ਰਹੀ ਹੈ। ਅਰਬਨਾਈਜੇਸ਼ਨ ਨੇ ਪਿੰਡਾਂ ਦਾ ਦਾਇਰਾ ਬਹੁਤ ਜ਼ਿਆਦਾ ਘਟਾ ਦਿੱਤਾ ਹੈ। ਵੱਡੀਆਂ-ਵੱਡੀਆਂ ਇਮਾਰਤਾਂ ਤਾਂ ਇਨਸਾਨੀ ਫਿਤਰਤ ਨੇ ਬਹੁਤ ਖੜ੍ਹੀਆਂ ਕਰ ਦਿੱਤੀਆਂ ਹਨ ਪਰ ਇਸ ਦਾ ਸਭ ਤੋਂ ਵੱਡਾ ਨੁਕਸਾਨ ਕੁਦਰਤੀ ਪਸਾਰੇ ਤੇ ਪਿਆ ਹੈ। ਦਰੱਖਤਾਂ ਦੀ ਵੱਡੀ ਪੱਧਰ ਤੇ ਹੋ ਰਹੀ ਕਟਾਈ ਕਾਰਨ ਮੌਸਮ ਵਿੱਚ ਵੀ ਬਹੁਤ ਵਿਗਾੜ ਆ ਚੁੱਕੇ ਹਨ। ਪਿਛਲੇ ਕੁਝ ਸਾਲਾਂ ਤੋਂ ਤਾਂ ਮੌਸਮੀ ਤਬਦੀਲੀਆਂ ਵੀ ਵੱਡੀ ਪੱਧਰ ਤੇ ਹੋ ਰਹੀਆਂ ਹਨ। ਇਸ ਦਾ ਸਭ ਤੋਂ ਵੱਡਾ ਨੁਕਸਾਨ ਮਨੁੱਖੀ ਸਿਹਤ ਤੇ ਵੀ ਪਿਆ ਹੈ ਤੇ ਕੁਦਰਤ ਦੇ ਜੀਵ ਜੰਤੂਆਂ ਤੇ ਵੀ। ਅੱਜ ਦੀ ਪੀੜ੍ਹੀ ਚਿੜੀਆਂ ਦੀ ਚਹਿਚਹਾ ਸੁਣਨ ਤੋਂ ਅਸਮਰੱਥ ਹੈ ਕਿਉਂਕਿ ਨਾ ਦਰੱਖਤ ਰਹੇ ਤੇ ਨਾ ਹੀ ਉਹ ਆਲ੍ਹਣੇ ਜਿਨ੍ਹਾਂ ਵਿੱਚ ਅਸਮਾਨੀ ਪਰਿੰਦੇ ਆਪਣਾ ਸੰਸਾਰ ਉਸਾਰ ਕੇ ਆਪਦੇ ਮਧੁਰ ਸੰਗੀਤ ਨਾਲ ਸਾਨੂੰ ਅੰਦਰੂਨੀ ਖੇੜਾ ਦਿੰਦੇ ਸਨ। ਕੁਕੜ ਦੀ ਬਾਂਗ ਇਤਿਹਾਸਿਕ ਪੰਨਿਆਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਸਵੇਰੇ ਖੁੱਲ੍ਹੇ ਅਸਮਾਨ ਵਿੱਚ ਆਪਣੇ ਤੇ ਆਪਣੇ ਬੱਚਿਆਂ ਲਈ ਚੋਗਾ ਚੁੱਗਣ ਲਈ ਜਾਂਦੇ ਪੰਛੀ ਕਵੀਆਂ ਦੀ ਸੋਚ ਤੱਕ ਸੀਮਤ ਹੋ ਚੁੱਕੇ ਹਨ।

ਇਸ ਲਈ ਤ੍ਰਿਸ਼ਨਾ ਅਤੇ ਇੱਕ ਦੂਜੇ ਤੋਂ ਅੱਗੇ ਵੱਧਣ ਦੀ ਦੌੜ ਦੇ ਸੰਸਾਰ ਨੂੰ ਠੱਲ੍ਹ ਪਾਉਣਾ ਸਮੇਂ ਦੀ ਲੋੜ ਹੀ ਨਹੀਂ, ਅੱਜ ਹਰ ਇਨਸਾਨ ਦਾ ਨਿੱਜੀ ਫਰਜ਼ ਬਣ ਗਿਆ ਹੈ। ਗੁਰੂ ਸਾਹਿਬ ਜੀ ਦੀਆਂ ਪਾਈਆਂ ਲੀਹਾਂ ਤੇ ਤੁਰਦਿਆਂ ਅੱਜ ਆਪਣੇ ਅੰਦਰ ਘੱਟੋ-ਘੱਟ ਇੱਕ ਦਰੱਖਤ ਲਗਾਉਣ ਦਾ ਪ੍ਰਣ ਕਰੀਏ। ਆਪਣੇ ਆਲੇ-ਦੁਆਲੇ ਨੂੰ ਹਰਿਆ-ਭਰਿਆ ਬਣਾਉਣ ਲਈ ਕੋਈ ਨਾ ਕੋਈ ਉਪਰਾਲਾ ਜ਼ਰੂਰ ਕਰੀਏ। ਆਪਣੇ ਪਰਿਵਾਰ ਤੋਂ ਸ਼ੁਰੂਆਤ ਕਰਕੇ ਤੇ ਫਿਰ ਆਪਣੇ ਆਲੇ-ਦੁਆਲੇ ਵਿੱਚ ਹਰ ਕਿਸੇ ਨੂੰ ਪ੍ਰੇਰਨਾ ਦੇਈਏ ਤਾਂ ਕਿ ਆਉਣ ਵਾਲੀ ਪੀੜ੍ਹੀ ਸਾਨੂੰ ਖ਼ੁਦਗਰਜ਼ੀ ਦੇ ਸਨਮਾਨ ਨਾਲ ਨਾ ਕਿਤੇ ਨਿਵਾਜ ਦੇਵੇ। ਅੱਜ ਦਾ ਲਗਾਇਆ ਹੋਇਆ ਸਾਡਾ ਇੱਕ ਦਰੱਖਤ ਇਨਸਾਨੀ ਜ਼ਿੰਦਗੀ ਅਤੇ ਪਸ਼ੂ ਪੰਛੀਆਂ ਨੂੰ ਕਿੰਨੀ ਰਾਹਤ ਦੇਵੇਗਾ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਹ ਸਮੇਂ ਦੀ ਲੋੜ ਵੀ ਹੈ ਅਤੇ ਗੁਰੂ ਸਾਹਿਬ ਜੀ ਦੀ ਪ੍ਰੇਰਨਾ ਵੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।

# ਸਿੱਖ ਲਈ ਅੰਮ੍ਰਿਤ ਛਕਣਾ ਕਿੰਨਾ ਜਰੂਰੀ ਹੈ?

—ਅਨੁਵਾਦਕ :
ਸਿਮਰਨਜੀਤ ਕੌਰ

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

***ਹਰਿ ਸਚੇ ਤਖਤ ਰਚਾਇਆ ਸਤਿਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥***
***(ਵਾਰ ੪੧, ਪਉੜੀ ੧)***

ਅੰਮ੍ਰਿਤ ਦੀ ਦਾਤ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮਹਾਨ ਬਖਸ਼ਿਸ਼ ਹੈ, ਇੱਕ ਅਨਮੋਲ ਦਾਤ ਹੈ, ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਵਡਮੁੱਲੀ ਦੇਣ ਹੈ। ਇੱਕ ਸਿੱਖ ਲਈ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਕਿੰਨਾ ਜ਼ਰੂਰੀ ਹੈ, ਕਿੰਨਾ ਅਹਿਮ ਹੈ, ਇਹ ਜਾਣਨਾ ਬਹੁਤ ਜ਼ਰੂਰੀ ਹੈ।

ਸਾਧ ਸੰਗਤ ਜੀ ਨੌਂ ਪਾਤਿਸ਼ਾਹੀਆਂ ਤੱਕ ਚਰਨ ਪਾਹੁਲ ਦਿੱਤੀ ਜਾਂਦੀ ਸੀ। ਦਸਵੇਂ ਪਾਤਸ਼ਾਹ ਜੀ ਨੇ ਥੋੜ੍ਹਾ ਜਿਹਾ ਮਰਿਆਦਾ ਨੂੰ ਬਦਲਾਉਣਾ ਕੀਤਾ। ਪੰਜ ਪਿਆਰੇ ਸਾਜੇ, ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਹੁਕਮ ਕੀਤਾ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਹਰ ਸਿੱਖ ਲਈ ਜ਼ਰੂਰੀ ਹੈ। ਭਾਈ ਗੁਰਦਾਸ ਜੀ ਨੇ ਉਸ ਨਕਸ਼ੇ ਨੂੰ ਆਪਣੀਆਂ ਵਾਰਾਂ ਵਿੱਚ ਬਿਆਨ ਕੀਤਾ ਜਦੋਂ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਹੁਕਮ ਦਿੱਤਾ।

***ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।***
***(ਵਾਰ ੪੧, ਪਉੜੀ ੧)***

ਅਨੇਕਾਂ ਸਰੀਰ ਰੋਜ਼ ਮਿਲਦੇ ਹਨ, ਉਨ੍ਹਾਂ ਅੱਗੇ ਇਹੀ ਬੇਨਤੀ ਕੀਤੀ ਜਾਂਦੀ ਹੈ ਕਿ ਭਾਈ! ਅੰਮ੍ਰਿਤ ਛਕੋ, ਅੰਮ੍ਰਿਤ ਛਕਣ ਤੋਂ ਬਾਅਦ ਹੀ ਗੁਰੂ ਦੀ ਮੋਹਰ ਲੱਗਦੀ ਹੈ। ਸਾਰੇ ਧਰਮ ਸਤਿਕਾਰਯੋਗ ਹਨ। ਹਿੰਦੂ ਧਰਮ ਵਿੱਚ ਜਦੋਂ ਜਨੇਊ ਦੀ ਰਸਮ ਹੋ ਜਾਵੇ ਤਾਂ ਹਿੰਦੂ ਧਰਮ ਵਿੱਚ ਸ਼ਾਮਲ ਹੋਣ ਦੀ ਮੋਹਰ ਲੱਗਦੀ ਹੈ। ਮੁਸਲਮਾਨ ਧਰਮ ਵਿੱਚ ਜਦੋਂ ਸੁੰਨਤ ਦੀ ਰਸਮ ਹੋ ਜਾਵੇ ਤਾਂ ਹੀ ਮੁਸਲਮਾਨ ਧਰਮ ਵਿੱਚ ਸ਼ਾਮਲ ਹੋਣ ਦੀ ਮੋਹਰ ਲੱਗਦੀ ਹੈ। ਈਸਾਈ ਧਰਮ ਵਿੱਚ ਜਦੋਂ ਪਵਿੱਤਰ ਜਲ ਪਿਆਇਆ ਜਾਂਦਾ ਹੈ ਤਾਂ ਹੀ ਉਹ ਈਸਾਈ ਅਖਵਾਉਂਦਾ ਹੈ। ਇਸੇ ਤਰ੍ਹਾਂ ਸਾਧ ਸੰਗਤ ਜੀ ਸਿੱਖ ਧਰਮ ਵਿੱਚ ਜਦੋਂ ਇੱਕ ਸਿੱਖ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ ਤਾਂ ਹੀ ਉਹ ਗੁਰੂ ਵਾਲਾ ਬਣਦਾ ਹੈ, ਗੁਰੂ ਦਾ ਸਿੱਖ ਅਖਵਾਉਂਦਾ ਹੈ।

ਸਾਧ ਸੰਗਤ ਜੀ, ਸਿੱਖ ਦੇ ਦੋ ਜਨਮ ਹਨ। ਪਹਿਲਾ ਜਨਮ ਆਪਣੇ ਮਾਂ-ਬਾਪ ਦੇ ਘਰ ਤੇ ਦੂਸਰਾ ਜਨਮ ਸਤਿਗੁਰੂ ਜੀ ਦੇ ਘਰ। ਇੱਕ ਜਨਮ ਤਾਂ ਅਸੀਂ ਸਾਰਿਆਂ ਨੇ ਲਿਆ ਹੈ, ਜੇ ਇਹ ਜਨਮ ਨਾ ਹੁੰਦਾ ਤਾਂ ਸਰੀਰ ਰੂਪੀ ਪਿੰਜਰਾ ਹੀ ਨਾ ਹੁੰਦਾ। ਪਰ ਦੂਜਾ ਜਨਮ ਕਈਆਂ ਨੇ ਲਿਆ ਹੈ ਤੇ ਕਈਆਂ ਨੇ ਨਹੀਂ ਲਿਆ। ਇਹ ਦੂਜਾ ਜਨਮ ਜੋ ਗੁਰੂ ਦੇ ਘਰ ਵਿੱਚ ਉਦੋਂ ਹੁੰਦਾ ਹੈ ਜਦ ਮਨੁੱਖ ਅੰਮ੍ਰਿਤ ਛਕਦਾ ਹੈ। ਇਹ ਦੂਜੇ ਜਨਮ ਦੀ ਪ੍ਰਾਪਤੀ ਵੀ ਬਹੁਤ ਜ਼ਰੂਰੀ ਹੈ। ਜਦੋਂ ਸਿੱਖ ਦੂਜਾ ਜਨਮ ਧਾਰਨ ਕਰ ਲੈਂਦਾ ਹੈ ਤਾਂ ਉਸ ਤੋਂ ਬਾਅਦ ਉਸਦਾ ਆਉਣਾ-ਜਾਣਾ ਮਿਟ ਜਾਂਦਾ ਹੈ, ਮੁੱਕ ਜਾਂਦਾ ਹੈ। ਇਸ ਦੀ ਗਵਾਹੀ ਗੁਰਬਾਣੀ ਵੀ ਦਿੰਦੀ ਹੈ।

***ਸਿੱਖ ਦੇ ਦੋ ਜਨਮ ਹਨ। ਪਹਿਲਾ ਜਨਮ ਆਪਣੇ ਮਾਂ-ਬਾਪ ਦੇ ਘਰ ਤੇ ਦੂਸਰਾ ਜਨਮ ਸਤਿਗੁਰੂ ਜੀ ਦੇ ਘਰ। ਇੱਕ ਜਨਮ ਤਾਂ ਅਸੀਂ ਸਾਰਿਆਂ ਨੇ ਲਿਆ ਹੈ, ਜੇ ਇਹ ਜਨਮ ਨਾ ਹੁੰਦਾ ਤਾਂ ਸਰੀਰ ਰੂਪੀ ਪਿੰਜਰਾ ਹੀ ਨਾ ਹੁੰਦਾ। ਪਰ ਦੂਜਾ ਜਨਮ ਕਈਆਂ ਨੇ ਲਿਆ ਹੈ ਤੇ ਕਈਆਂ ਨੇ ਨਹੀਂ ਲਿਆ। ਇਹ ਦੂਜਾ ਜਨਮ ਜੋ ਗੁਰੂ ਦੇ ਘਰ ਵਿੱਚ ਹੈ ਜਦ ਮਨੁੱਖ ਅੰਮ੍ਰਿਤ ਛਕ ਕੇ, ਗੁਰੂ ਵਾਲਾ ਬਣ ਜਾਂਦਾ ਹੈ ਉਸ ਵੇਲੇ ਹੁੰਦਾ ਹੈ।***

***ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥***

*(ਅੰਗ ੯੪੦)*

ਇਹ ਝਾਤੀ ਪਾਉਣੀ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਗੁਰੂ, ਆਪਣੇ ਪਿਤਾ ਜੀ ਦਾ ਹੁਕਮ ਮੰਨਿਆ ਹੈ ਕਿ ਨਹੀਂ। ਅਸੀਂ ਗੁਰੂ ਵਾਲੇ ਬਣੇ ਹਾਂ ਕਿ ਨਹੀਂ। ਜੇ ਕਿਸੇ ਨੂੰ ਕਿਹਾ ਜਾਵੇ ਪਿਆਰਿਆ ਅੰਮ੍ਰਿਤ ਛਕ ਲੈ ਤਾਂ ਉਹ ਆਖੇਗਾ ਕਿ ਮੈਂ ਅੰਮ੍ਰਿਤ ਇਸ ਲਈ ਨਹੀਂ ਛਕਦਾ ਕਿ ਕੋਈ ਬੇਅਦਬੀ ਨਾ ਹੋ ਜਾਵੇ। ਆਮ ਸੁਣਨ ਵਾਲਾ ਬੰਦਾ ਤਾਂ ਇਹੀ ਕਹੇਗਾ ਕਿ ਸਿੱਖ ਦੇ ਅੰਦਰ ਆਪਣੇ ਗੁਰੂ ਦਾ ਕਿੰਨਾ ਭੈਅ ਹੈ ਕਿ ਕੋਈ ਕੁਤਾਹੀ ਨਾ ਹੋ ਜਾਵੇ, ਨੇਮ ਨਾ ਰਹਿ ਜਾਵੇ, ਕਿਧਰੇ ਮਾੜੀਆਂ ਚੀਜ਼ਾਂ ਦਾ ਸੇਵਨ ਨਾ ਹੋ ਜਾਵੇ, ਰੋਮਾਂ ਦੀ ਬੇਅਦਬੀ ਨਾ ਹੋ ਜਾਵੇ। ਕਿੰਨਾ ਡਰ ਹੈ ਇਸਦੇ ਮਨ ਵਿੱਚ ਕਿ ਮੇਰੇ ਕੋਲੋਂ ਕੋਈ ਗਲਤੀ ਨਾ ਹੋ ਜਾਵੇ।

ਧੰਨ ਧੰਨ ਬਾਬਾ ਈਸ਼ਰ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ) ਜਿਨ੍ਹਾਂ ਨੇ ਜਿੱਥੇ ਵੀ ਦੀਵਾਨ ਲਗਾਉਣੇ, ਉੱਥੇ ਹੀ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ, ਗੁਰੂ ਵਾਲੇ ਬਣਨ ਲਈ ਪ੍ਰੇਰਨਾ ਦੇਣੀ ਤੇ ਬਾਬਾ ਜੀ ਦੇ ਬਚਨ ਇੰਨੇ ਹਿਰਦੇ ਤੇ ਅਸਰ ਕਰਦੇ ਸਨ ਕਿ ਉਨ੍ਹਾਂ ਦੀ ਪ੍ਰੇਰਨਾ ਨਾਲ ਪੌਣੇ ਅੱਠ ਲੱਖ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ, ਗੁਰੂ ਵਾਲੇ ਬਣੇ। ਉਨ੍ਹਾਂ ਦੇ ਬਚਨ ਹਨ ਕਿ ਜਿਹੜੇ ਕਹਿੰਦੇ ਹਨ ਕਿ ਅੰਮ੍ਰਿਤ ਛਕ ਕੇ ਸਾਡੇ ਕੋਲੋਂ ਕੋਈ ਬੇਅਦਬੀ ਨਾ ਹੋ ਜਾਵੇ। ਬਾਬਾ ਈਸ਼ਰ ਸਿੰਘ ਜੀ ਕਹਿੰਦੇ, ਸਭ ਤੋਂ ਵੱਡੀ ਬੇਅਦਬੀ ਹੀ ਇਹ ਹੈ ਕਿ ਗੁਰੂ ਦਾ ਹੁਕਮ ਨਹੀਂ ਮੰਨਿਆ, ਅੰਮ੍ਰਿਤ ਨਹੀਂ ਛਕਿਆ। ਮਨ ਵਿੱਚ ਡਰ ਰੱਖਣਾ ਗਲਤੀ ਦਾ। ਲੇਕਿਨ ਮਨ ਨੂੰ ਸਮਝਾਉਣਾ ਨਹੀਂ। ਇਹੀ ਸਭ ਤੋਂ ਵੱਡੀ ਭੁੱਲ ਕਰ ਰਿਹਾ ਹੈਂ।

ਦਾਸ ਦੇ ਸਾਹਮਣੇ ਇੱਕ ਬੜੀ ਪਿਆਰੀ ਸਾਖੀ ਆ ਗਈ ਹੈ। ਭਾਈ ਡੱਲਾ ਜੀ ਦਾ ਨਾਂ ਤਾਂ ਸਾਰਿਆਂ ਨੇ ਸੁਣਿਆ ਹੋਵੇਗਾ। ਸਾਬੋ ਕੀ ਤਲਵੰਡੀ ਜਿੱਥੇ ਅੱਜਕਲ੍ਹ ਤਖ਼ਤ ਸ੍ਰੀ ਦਮਦਮਾ ਸਾਹਿਬ ਹੈ। ਭਾਈ ਡੱਲਾ ਜੀ ਨੇ ਇੱਕ ਵਾਰੀ ਸਾਰੀ ਰਾਤ ਪਹਿਰਾ ਦਿੱਤਾ। ਗੁਰੂ ਸਾਹਿਬ ਸੌਂਦੇ ਤਾਂ ਨਹੀਂ ਪਰ ਰਾਤ ਪਾਸਾ ਪਲਟਣ ਤੇ ਦੇਖਿਆ, ਭਾਈ ਡੱਲਾ, ਪਹਿਰੇ

ਤੇ। ਜਦੋਂ ਵੇਖਣ, ਨੇਤਰ ਖੋਲ੍ਹਣ ਭਾਈ ਡੱਲਾ ਪਹਿਰੇ ਤੇ। ਮਹਾਰਾਜ ਜੀ ਪ੍ਰਸੰਨ ਹੋ ਗਏ।

ਜਦੋਂ ਤੁਸੀਂ ਗੁਰੂ ਸਾਹਿਬ ਲਈ ਆਪਾ ਵਾਰਦੇ ਹੋ, ਗੁਰੂ ਸਾਹਿਬ ਦੇ ਕੰਮ ਭਾਵ ਸੇਵਾ ਨੂੰ ਪਹਿਲ ਦਿੰਦੇ ਹੋ, ਨਿਤਨੇਮ ਨੂੰ ਪਹਿਲ ਦਿੰਦੇ ਹੋ, ਅੰਮ੍ਰਿਤ ਵੇਲੇ ਭਜਨ-ਬੰਦਗੀ ਨੂੰ ਪਹਿਲ ਦਿੰਦੇ ਹੋ ਤਾਂ ਫਿਰ ਗੁਰੂ ਸਾਹਿਬ ਪੁੱਛਦੇ ਹਨ, ਦੱਸ ਕੀ ਚਾਹੀਦਾ ਹੈ?

ਇਹ ਭਾਈ ਡੱਲਾ ਜੀ, ਉਨ੍ਹਾਂ ਨੇ ਬੱਧਾ-ਚੱਟੀ ਵਿੱਚ ਪਹਿਰਾ ਨਹੀਂ ਦਿੱਤਾ, ਸਾਰੀ ਰਾਤ ਪੂਰੇ ਪਿਆਰ ਨਾਲ ਪਹਿਰਾ ਦਿੱਤਾ। ਧੰਨ ਗੁਰੂ ਗੋਬਿੰਦ ਸਿੰਘ ਜੀ ਜਦ ਵੀ ਨੇਤਰ ਖੋਲ੍ਹਣ ਤਾਂ ਭਾਈ ਡੱਲਾ ਜੀ ਬਿਲਕੁਲ ਤਿਆਰ-ਬਰ-ਤਿਆਰ ਪਹਿਰੇ ਤੇ। ਖੁਸ਼ ਹੋ ਗਏ। ਪ੍ਰਸੰਨ ਹੋ ਗਏ। ਪ੍ਰਸੰਨ ਹੋ ਕੇ ਕਹਿੰਦੇ ਕਿ ਮੰਗ, ਕੀ ਮੰਗਦਾ ਹੈਂ? ਕੁਝ ਵੀ ਮੰਗ ਲੈ। ਤੇਰੇ ਪਹਿਰੇ ਦੀ ਸੇਵਾ ਤੋਂ ਖੁਸ਼ ਹਾਂ। ਭਾਈ ਡੱਲੇ ਨੇ ਝੋਲੀ ਅੱਡ ਲਈ ਤੇ ਬੇਨਤੀ ਕਰਦਾ ਹੈ, ਪਾਤਸ਼ਾਹ ਜੀ! ਦਰਗਾਹ ਵਿੱਚ ਪੀੜ੍ਹੀ ਜਿੰਨੀ ਜਗ੍ਹਾ ਦੇ ਦਿਓ। ਕਿੰਨੀ ਹੈਰਾਨਗੀ ਦੀ ਗੱਲ ਹੈ। ਪਾਤਸ਼ਾਹ ਜੀ ਕਹਿੰਦੇ, ਡੱਲਿਆ! ਹੋਰ ਜੋ ਮੰਗਣਾ ਹੈ ਮੰਗ ਲੈ। ਲੇਕਿਨ ਜਿਹੜਾ ਤੂੰ ਕਹਿੰਦਾ ਹੈਂ ਕਿ ਦਰਗਾਹ ਵਿੱਚ ਪੀੜ੍ਹੀ ਜਿੰਨੀ ਜਗ੍ਹਾ ਦੇ ਦੇਣਾ। ਤੈਨੂੰ ਦਰਗਾਹ ਵਿੱਚ ਸੂਈ ਜਿੰਨੀ ਜਗ੍ਹਾ ਵੀ ਨਹੀਂ ਦੇ ਸਕਦੇ ਜਦ ਤੱਕ ਤੂੰ ਅੰਮ੍ਰਿਤ ਨਹੀਂ ਛਕਦਾ।

ਸਾਧ ਸੰਗਤ ਜੀ! ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਡੱਲੇ ਨੇ ਉਸ ਵਕਤ ਕੀ ਜਵਾਬ ਦਿੱਤਾ। ਕਹਿਣ ਲੱਗਾ, ਮੈਂ ਅੰਮ੍ਰਿਤ ਛਕਿਆ ਹੈ। ਗੁਰੂ ਸਾਹਿਬ ਕਹਿਣ ਲੱਗੇ, ਓ ਡੱਲਿਆ! ਕਦੋਂ ਛਕਿਆ ਹੈ? ਕਹਿਣ ਲੱਗਾ ਕਿ ਜਦੋਂ ਤੁਹਾਡੇ ਸਿੱਖ ਅਰਦਾਸ ਕਰਦੇ ਹਨ ਤਾਂ ਪ੍ਰਸ਼ਾਦ ਨੂੰ ਕਰਦ ਭੇਟ ਕਰਦੇ ਹਨ। ਭਾਈ ਡੱਲਾ ਜਾਟ ਹੋਇਆ ਹੈ ਤੇ ਉਸ ਨੇ ਸ੍ਰੀ ਸਾਹਿਬ ਨੂੰ ਕਰਦ ਲਫਜ਼ ਕਿਹਾ ਹੈ, ਜਾਟ ਬੋਲੀ ਵਿੱਚ। ਜਿਹੜੀ ਕਰਦ ਭੇਟ ਕਰਦੇ ਹਨ, ਉਹ ਪ੍ਰਸ਼ਾਦ ਮੈਂ ਛਕਿਆ ਹੈ। ਇਹ ਅੰਮ੍ਰਿਤ ਹੀ ਹੋ ਗਿਆ।

ਮਹਾਰਾਜ ਜੀ ਨੇ ਕਿਹਾ, ਨਹੀਂ ਡੱਲਿਆ! ਪੰਜਾਂ ਪਿਆਰਿਆਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ। ਹੁਣ ਸੰਗਤ ਜੀ ਧਿਆਨ ਦੇਣਾ। ਜਿਹੜੇ ਲਫਜ਼ ਸਾਂਝੇ ਹੋਏ ਹਨ, ਉਹ ਭਾਈ ਵੀਰ ਸਿੰਘ ਜੀ ਨੇ ਲਿਖੇ ਹਨ। ਭਾਈ ਡੱਲੇ ਨੇ ਦੂਜੀ ਵਾਰੀ ਕਿਹਾ, ਮੈਂ ਅੰਮ੍ਰਿਤ ਛਕਿਆ ਹੈ। ਮਹਾਰਾਜ ਜੀ ਨੇ ਕਿਹਾ, ਓ ਡੱਲਿਆ! ਕਦੋਂ ਛਕਿਆ ਹੈ? ਕਹਿਣ ਲੱਗਾ ਕਿ ਤੁਸੀਂ ਅੰਮ੍ਰਿਤ ਛਕਿਆ ਹੈ ਕਿ ਨਹੀਂ? ਮਹਾਰਾਜ ਜੀ ਨੇ ਕਿਹਾ, ਛਕਿਆ ਹੈ ਤੇ ਭਾਈ ਡੱਲੇ ਨੇ ਕਿਹਾ, ਮਹਾਰਾਜ ਜੀ, ਮੈਂ ਤੁਹਾਡਾ ਸੀਤ ਪ੍ਰਸ਼ਾਦ ਛਕਦਾ ਹਾਂ ਇਹ ਵੀ ਤਾਂ ਅੰਮ੍ਰਿਤ ਹੀ ਹੈ।

ਦਾਸ ਭਾਈ ਵੀਰ ਸਿੰਘ ਜੀ ਦਾ ਇਤਿਹਾਸ ਪੜ੍ਹ ਕੇ ਹੈਰਾਨ ਹੋ ਗਿਆ। ਖਾਲਸਾ ਜੀ, ਉਹ ਬੰਦਾ ਕਿੰਨਾ ਭਾਗਾਂ ਵਾਲਾ ਹੋਵੇਗਾ ਜਿਸ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸੀਤ ਪ੍ਰਸ਼ਾਦ ਮਿਲਦਾ ਹੋਵੇ। ਗੁਰੂ ਸਾਹਿਬ ਕਹਿੰਦੇ, ਓ ਡੱਲਿਆ! ਭਾਵੇਂ ਤੂੰ ਸਾਡਾ ਸੀਤ ਪ੍ਰਸ਼ਾਦ ਛਕਦਾ ਹੈਂ ਪਰ ਦਰਗਾਹ ਵਿੱਚ ਸੂਈ ਜਿੰਨੀ ਜਗ੍ਹਾ ਨਹੀਂ ਮਿਲ ਸਕਦੀ ਜਦ ਤੱਕ ਤੂੰ ਪੰਜਾਂ ਪਿਆਰਿਆਂ ਕੋਲੋਂ ਖੰਡੇ ਬਾਟੇ ਦਾ ਅੰਮ੍ਰਿਤ ਨਹੀਂ ਛਕਦਾ। ਹੁਣ ਵੇਖ ਲਓ, ਗੁਰੂ ਦਾ ਸੀਤ ਪ੍ਰਸ਼ਾਦ ਛਕਣ ਵਾਲੇ ਨੂੰ ਵੀ ਦਰਗਾਹ ਦੀ ਗੱਲ ਤੋਂ ਨਾਂਹ ਹੈ ਜਦ ਤੱਕ ਗੁਰੂ ਦੀ ਮਰਿਆਦਾ ਵਿੱਚ ਨਹੀਂ ਆਉਂਦਾ।

ਹੁਣ ਇੱਕ ਹੋਰ ਗੱਲ ਗੁਰੂ ਸਾਹਿਬ ਸਾਂਝੀ ਕਰਵਾਉਣ। ਸਾਬੋ ਕੀ ਤਲਵੰਡੀ ਵਿਖੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ। ਉੱਥੋਂ ਅੱਧਾ ਕੁ ਕਿਲੋਮੀਟਰ 'ਤੇ ਇੱਕ ਘਰ ਬੀਬੀ ਗੁਰਪਾਲ ਕੌਰ ਤੇ ਭਾਈ ਗੁਰਤੇਜ ਸਿੰਘ ਜੀ ਦਾ ਹੈ। ਇਹ ਪਤੀ-ਪਤਨੀ ਦਾ ਨਾਂ ਹੈ। ਇਹ ਕੌਣ ਹਨ? ਇਹ ਭਾਈ ਡੱਲਾ ਜੀ ਦੀ ਕੁਲ ਵਿੱਚੋਂ ਹਨ। ਉਨ੍ਹਾਂ ਦੇ ਘਰ ਜਾ

ਕੇ ਦਾਸ ਹੈਰਾਨ ਰਹਿ ਗਿਆ ਕਿ ਉਨ੍ਹਾਂ ਕੋਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਖਸ਼ੀਆਂ ਹੋਈਆਂ ਪੁਰਾਤਨ ਵਸਤਾਂ ਜਿਹੜੀਆਂ ਭਾਈ ਡੱਲੇ ਨੂੰ ਕਲਗੀਧਰ ਪਾਤਸ਼ਾਹ ਜੀ ਨੇ ਖੁਸ਼ ਹੋ ਕੇ ਝੋਲੀ ਪਾਈਆਂ ਸਨ, ਅੱਜ ਵੀ ਉੱਥੇ ਮੌਜੂਦ ਹਨ। ਉਸ ਪਰਿਵਾਰ ਤੋਂ ਕੁਰਬਾਨ ਜਾਈਏ, ਜਿਹੜੇ ਇਸ ਵੇਲੇ ਸੇਵਾ ਨਿਭਾ ਰਹੇ ਹਨ, ਬੀਬੀ ਗੁਰਪਾਲ ਕੌਰ ਜੀ ਤੇ ਭਾਈ ਗੁਰਤੇਜ ਸਿੰਘ ਜੀ। ਉਨ੍ਹਾਂ ਦੇ ਵੱਡਿਆਂ ਨੇ 25 ਕਿੱਲੇ ਜ਼ਮੀਨ ਗੁਰੂ ਦੀਆਂ ਦਾਤਾਂ ਦੇ ਨਾਂ ਲਗਾਈ ਹੈ ਕਿ ਜਿਹੜਾ ਵੀ ਅੱਗੋਂ ਆਵੇ, ਇਸ ਆਮਦਨ ਤੋਂ ਇਨ੍ਹਾਂ ਚੀਜ਼ਾਂ ਦੀ ਸੇਵਾ ਹੁੰਦੀ ਰਹੇ। ਤੁਸੀਂ ਅੱਜ ਵੀ ਜਾ ਕੇ ਦਰਸ਼ਨ ਕਰ ਸਕਦੇ ਹੋ। ਗੁਰੂ ਸਾਹਿਬ ਜੀ ਵੱਲੋਂ ਭਾਈ ਡੱਲੇ ਨੂੰ ਖੁਸ਼ ਹੋ ਕੇ ਦਿੱਤੀਆਂ ਵਸਤੂਆਂ ਅੱਜ ਵੀ ਮੌਜੂਦ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦਸਤਾਰ, ਜਿਸਦਾ ਰੰਗ ਬਿਸਕੁਟੀ ਹੈ, ਸਮਾਂ ਪਾ ਕੇ ਰੰਗ ਬਦਲ ਗਿਆ ਹੋਵੇਗਾ। ਪਤਾ ਨਹੀਂ, ਉਦੋਂ ਕੇਸਰੀ ਸੀ ਜਾਂ ਕੋਈ ਹੋਰ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਜ ਦੀ ਡੋਰ। ਇੱਕ ਬੰਨੇ ਫੁੰਮਣ ਹੈ, ਇੱਕ ਬੰਨੇ ਨਹੀਂ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅੰਦਰਲਾ ਛੋਟਾ ਚੋਲਾ, ਦਸਤਾਰ, ਵੱਡਾ ਤੇਗਾ, ਪਜਾਮੀ ਚੋਲਾ। ਇਹ ਸਾਰੀਆਂ ਵਸਤੂਆਂ ਭਾਈ ਡੱਲੇ ਨੂੰ ਖੁਸ਼ ਹੋ ਕੇ ਦਿੰਦੇ ਰਹੇ। ਪਰਿਵਾਰ ਨੇ ਦੱਸਿਆ ਕਿ ਜਿਹੜਾ ਪਜਾਮੀ ਚੋਲਾ ਹੈ, ਇਸ ਵਿੱਚੋਂ ਪਜਾਮੀ ਦੇ ਪੱਟ 'ਤੇ ਸੱਜੇ ਬੰਨੇ ਅੱਜ ਵੀ ਸੁੱਚੇ ਲਹੂ ਦੇ ਨਿਸ਼ਾਨ ਹਨ। ਇਹ ਪਜਾਮੀ ਚੋਲਾ ਉਹ ਹੈ ਜਿਹੜਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਮਹਾਂ ਸਿੰਘ ਜੀ ਨੂੰ ਗੋਦੀ ਵਿੱਚ ਲਿਆ ਸੀ। ਇਹ ਸੁੱਚੇ ਲਹੂ ਦੇ ਨਿਸ਼ਾਨ ਹਨ।

ਸੰਗਤ ਵਿੱਚ ਜਿਹੜਾ ਪਿਆਰ ਵਾਲਾ ਬੈਠਾ ਹੈ ਉਸ ਲਈ ਇਨ੍ਹਾਂ ਚੀਜ਼ਾਂ ਦੀ ਬੜੀ ਵੱਡੀ ਕੀਮਤ ਹੈ। ਜਿਸ ਸਾਈਂ ਅੱਗੇ ਸਭ ਕੁਝ ਵੇਚਿਆ ਹੋਵੇ, ਉਸ ਦੇ ਅੰਗਾਂ ਦੀ ਸੁਸ਼ੋਭਿਤ ਵਸਤੂਆਂ ਦੇ ਦਰਸ਼ਨ ਬਹੁਤ ਵੱਡੀ ਗੱਲ ਹੈ। ਜਦੋਂ ਗੁਰੂ ਸਾਹਿਬ ਨੇ ਪਜਾਮੀ ਚੋਲਾ ਦਿੱਤਾ ਤੇ ਕਿਹਾ, ਡੱਲਿਆ! ਪਹਿਨ ਲਈਂ ਤਾਂ ਭਾਈ ਡੱਲਾ ਅੱਗੋਂ ਕਹਿਣ ਲੱਗਾ, ਸਤਿਗੁਰੂ ਜੀ! ਪਹਿਨੇਂਗੇ ਨਹੀਂ, ਇਸ ਕੀ ਪੂਜਾ ਕਰੇਂਗੇ ਕਿਉਂਕਿ ਤੁਸੀਂ ਸਾਡੇ ਮਾਲਕ ਹੋ। ਹੁਣ ਇੰਨਾ ਅੰਦਾਜ਼ਾ ਲਗਾ ਲਓ ਕਿ ਜਿਸ ਭਾਈ ਡੱਲੇ ਨੂੰ ਤੁੱਠ ਕੇ ਪਜਾਮੀ ਚੋਲਾ ਦੇ ਦੇਣ, ਛੋਟਾ ਚੋਲਾ ਦੇ ਦੇਣ, ਬਾਜ ਦੀ ਡੋਰ ਦੇ ਦੇਣ, ਵੱਡਾ ਤੇਗਾ ਦੇ ਦੇਣ, ਦਸਤਾਰ ਦੇ ਦੇਣ, ਸੀਤ ਪ੍ਰਸ਼ਾਦ ਦੇ ਦੇਣ, ਇਹ ਬੜੀ ਵੱਡੀ ਗੱਲ ਹੈ ਕਿਉਂਕਿ ਪ੍ਰਸੰਨ ਹੁੰਦੇ ਸੀ ਤਾਂ ਹੀ ਦਿੰਦੇ ਸੀ। ਧਿਆਨ ਦੇਣਾ ਦਾਸ ਗੱਲ ਕਰ ਰਿਹਾ ਸੀ ਭਾਈ ਡੱਲਾ ਕਹਿੰਦਾ ਹੈ, ਸਤਿਗੁਰੂ ਜੀ! ਦਰਗਾਹ ਵਿੱਚ ਪੀੜ੍ਹੀ ਜਿੰਨੀ ਜਗ੍ਹਾ ਦੇ ਦਿਓ ਤੇ ਗੁਰੂ ਸਾਹਿਬ ਨਾਂਹ ਵਿੱਚ ਸਿਰ ਹਿਲਾ ਦਿੰਦੇ ਹਨ ਤੇ ਕਹਿੰਦੇ ਹਨ, ਡੱਲਿਆ! ਮੈਂ ਤੈਨੂੰ ਸੂਈ ਜਿੰਨੀ ਜਗ੍ਹਾ ਵੀ ਨਹੀਂ ਦੇ ਸਕਦਾ ਜਦ ਤੱਕ ਤੂੰ ਅੰਮ੍ਰਿਤ ਨਹੀਂ ਛਕਦਾ। ਇੱਥੋਂ ਅੰਦਾਜ਼ਾ ਲਗਾਓ ਕਿ ਕੀ ਇਹ ਜ਼ੋਰ ਨਹੀਂ? ਗੁਰੂ ਸਾਹਿਬ ਤੁੱਠ ਕੇ ਦਾਤਾਂ ਦੇਣ ਵਾਲੇ, ਅੰਗਾਂ ਨੂੰ ਸੁਸ਼ੋਭਿਤ ਵਸਤਾਂ ਦੇਣ ਵਾਲੇ ਪਰ ਦਰਗਾਹ ਵਿੱਚ ਜਗ੍ਹਾ ਨਹੀਂ ਦਿੰਦੇ ਜਦ ਤੱਕ ਤੂੰ ਅੰਮ੍ਰਿਤ ਨਹੀਂ ਛਕਦਾ। ਪੜ੍ਹੋ ਭਾਈ ਵੀਰ ਸਿੰਘ ਜੀ ਦਾ ਲਿਖਿਆ ਇਤਿਹਾਸ ਭਾਈ ਡੱਲੇ ਨੇ ਬਾਂਹਾਂ ਅੱਡ ਕੇ ਕਿਹਾ ਕਿ ਸਤਿਗੁਰੂ ਜੀ! ਜੇ ਤੁਹਾਡੀ ਅੰਮ੍ਰਿਤ ਛਕਣ 'ਚ ਇੰਨੀ ਖੁਸ਼ੀ ਹੈ ਤਾਂ ਪਤਾ ਨਹੀਂ ਕੱਲ੍ਹ ਦਿਨ ਚੜ੍ਹਨਾ ਹੈ ਜਾਂ ਨਹੀਂ, ਫਿਰ ਅੱਜ ਹੀ ਅੰਮ੍ਰਿਤ ਦੀ ਦਾਤ ਬਖਸ਼ ਦਿਓ।

ਕਈ ਕਹਿ ਦਿੰਦੇ ਹਨ ਕਿ ਸੋਚਾਂਗੇ, ਅਗਲੇ ਸਾਲ ਛਕਾਂਗੇ ਪਰ 'ਹਮ ਆਦਮੀ ਹਾਂ ਇਕ ਦਮੀ।' ਭਾਈ ਡੱਲਾ ਕਹਿੰਦਾ ਹੈ, ਸਤਿਗੁਰੂ ਜੀ! ਪਤਾ ਨਹੀਂ ਕੱਲ੍ਹ ਦਿਨ ਚੜ੍ਹਨਾ ਹੈ ਜਾਂ ਨਹੀਂ, ਫਿਰ ਅੱਜ ਹੀ ਪ੍ਰਬੰਧ ਕਰ ਦਿਓ। ਭਾਈ ਵੀਰ ਸਿੰਘ ਜੀ ਨੇ

ਲਿਖਿਆ ਹੈ, 100 ਪ੍ਰੇਮੀ ਨਾਲ ਤਿਆਰ ਹੋ ਗਏ, ਅੰਮ੍ਰਿਤ ਛਕਣ ਲਈ। ਭਾਈ ਡੱਲੇ ਦੀ ਆਪਣੀ ਵੀ ਫੌਜ ਸੀ। 100 ਸਰੀਰਾਂ ਨੇ ਅੰਮ੍ਰਿਤ ਛਕਿਆ ਤੇ ਭਾਈ ਡੱਲਾ, ਭਾਈ ਡੱਲ ਸਿੰਘ ਸਜਿਆ ਔਰ ਕਮਾਲ ਦੀ ਗੱਲ ਕਿ ਕੁਝ ਮਹੀਨਿਆਂ ਬਾਅਦ ਸਰੀਰ ਵੀ ਛੱਡ ਦਿੱਤਾ।

*ਜਨ ਨਾਨਕ ਗੁਰੁ ਪੂਰਾ ਪਾਇਆ*
*ਸਗਲੀ ਤਿਖਾ ਬੁਝੰਤੀਆ ॥੧॥*

*(ਅੰਗ ੭੦੩)*

ਸਾਧ ਸੰਗਤ ਜੀ ਇਹ ਸਾਡੇ ਸਾਰਿਆਂ ਲਈ ਇੱਕ ਪ੍ਰੇਰਨਾ ਹੈ ਕਿ ਜਦੋਂ ਤੱਕ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਮੋਹਰ ਨਹੀਂ ਲਗਵਾ ਲੈਂਦੇ ਉਦੋਂ ਤੱਕ ਗੁਰੂ ਦੀ ਪਿੱਠ ਹੈ। ਧੰਨ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਬੇਦੀ ਕੁਲ ਦੇ ਮਹਾਂਪੁਰਸ਼ਾਂ ਨੂੰ ਬਚਨ ਕੀਤਾ ਕਿ ਤ੍ਰੇਹਨਾਂ ਨੇ ਅੰਮ੍ਰਿਤ ਛੱਕ ਲਿਆ ਹੈ, ਭੱਲਿਆਂ ਨੇ ਅੰਮ੍ਰਿਤ ਛਕ ਲਿਆ ਹੈ, ਸੋਢੀਆਂ ਨੇ ਅੰਮ੍ਰਿਤ ਛਕ ਲਿਆ ਹੈ, ਤੁਸੀਂ ਵੀ ਛਕ ਲਵੋ। ਉਨ੍ਹਾਂ ਗੁਰੂ ਸਾਹਿਬ ਦਾ ਹੁਕਮ ਮੰਨਦੇ ਹੋਏ ਬੇਨਤੀ ਕੀਤੀ, ਜੇ ਆਪ ਜੀ ਦੀ ਪ੍ਰਸੰਨਤਾ ਇਸੇ ਵਿੱਚ ਹੈ ਤੇ ਫਿਰ ਅਸੀਂ ਸਭ ਅੰਮ੍ਰਿਤ ਛਕਾਂਗੇ। ਸਾਧ ਸੰਗਤ ਜੀ ਕਿਤਨੀ ਪ੍ਰਸੰਨਤਾ ਦੀ ਪ੍ਰਾਪਤੀ ਹੈ, ਇਸ ਗੁਰੂ ਦੀ ਮੋਹਰ ਲਗਵਾਉਣ ਵਿੱਚ। ਇਹ ਕਿਤਨੀ ਜ਼ਰੂਰੀ ਹੈ।

ਆਓ ਅਸੀਂ ਸਾਰੇ ਆਪਣੇ-ਆਪਣੇ ਮਨ ਨੂੰ ਗੁਰੂ ਕਲਗੀਧਰ ਪਿਤਾ ਜੀ ਦਾ ਉਪਦੇਸ਼ ਸਮਝਾਈਏ, ਸੇਧ ਦੇਈਏ ਕਿ ਗੁਰੂ ਸਾਹਿਬ ਨੇ ਸਾਰੀ ਕੌਮ, ਸਾਰੇ ਸਿੱਖਾਂ ਨੂੰ ਅੰਮ੍ਰਿਤ ਪਾਨ ਕਰਨ ਦਾ ਸਾਂਝਾ ਉਪਦੇਸ਼ ਦਿੱਤਾ, ਹੁਕਮ ਦਿੱਤਾ ਹੈ। ਪਤਾ ਨਹੀਂ ਅਸੀਂ ਕਿਉਂ ਡਰਦੇ ਹਾਂ, ਪਿੱਛੇ ਹੱਟਦੇ ਹਾਂ। ਅੱਜ ਬਾਹਰ ਦੇ ਮੁਲਕਾਂ ਦੇ ਲੋਕ ਸਿੱਖ ਇਤਿਹਾਸ ਤੋਂ ਪ੍ਰੇਰਿਤ ਹੋ ਕੇ, ਅੰਮ੍ਰਿਤ ਛਕ ਕੇ, ਗੁਰੂ ਵਾਲੇ ਬਣ ਕੇ, ਸਿੰਘ ਸੱਜ ਰਹੇ ਹਨ। ਉਨ੍ਹਾਂ ਦੇ ਸਿਰਾਂ 'ਤੇ ਸੱਜੀਆਂ ਦਸਤਾਰਾਂ, ਪ੍ਰਕਾਸ਼ੇ ਦਾੜ੍ਹੇ ਸਿੱਖੀ ਦੇ ਸਰੂਪ ਨੂੰ ਰੌਸ਼ਨ ਕਰ ਰਹੇ ਹਨ ਤੇ ਸਾਡੇ ਦੇਸ਼ ਵਿੱਚ ਸਿੱਖ ਬੱਚੇ ਇਸ ਤੋਂ ਅਵੇਸਲੇ ਹਨ।

ਸਾਧ ਸੰਗਤ ਜੀ ਸਦਾ ਹੀ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਕਿ ਅਸੀਂ ਤੇ ਸਾਡੇ ਬੱਚੇ ਚਾਹੇ ਕਿਤਨੀ ਹੀ ਉੱਚੀ ਵਿਦਿਆ ਪ੍ਰਾਪਤ ਕਰ ਲੈਣ, ਕਿਤਨੇ ਹੀ ਵੱਡੇ ਅਹੁਦਿਆਂ ਦੀ ਪ੍ਰਾਪਤੀ ਹੋ ਜਾਵੇ ਲੇਕਿਨ ਹੇ ਧੰਨ ਗੁਰੂ ਨਾਨਕ ਮਹਾਰਾਜ ਜੀ! ਕਿਰਪਾ ਕਰਨੀ ਕਿ ਅਸੀਂ ਆਪਣਾ ਵਿਰਸਾ ਨਾ ਭੁੱਲ ਜਾਈਏ। ਉੱਚੀ ਪਦਵੀ 'ਤੇ ਪਹੁੰਚੇ ਹੋਏ ਮਨ ਨੂੰ ਗੁਰੂ ਸਾਹਿਬ ਦਾ ਹੁਕਮ ਕਿਧਰੇ ਛੋਟਾ ਨਾ ਲੱਗਣ ਲੱਗ ਜਾਏ। ਜਦੋਂ ਸਿੱਖ ਬੱਚਾ ਪਤਿਤ ਹੋ ਜਾਂਦਾ ਹੈ ਤਾਂ ਇਸ ਦਾ ਇਹੀ ਭਾਵ ਹੈ ਕਿ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਗੁਰੂ ਦੀ ਮਰਿਆਦਾ ਦਾ ਇਸ ਦੇ ਲਈ ਕੋਈ ਮੁੱਲ ਨਹੀਂ। ਕੁਰਬਾਨ ਜਾਈਏ ਉਨ੍ਹਾਂ ਤੋਂ ਜੋ ਵੱਡੇ ਬਣਕੇ ਵੀ ਆਪਣੇ ਮੁਰਸ਼ਦ ਨੂੰ ਪਹਿਲ ਦਿੰਦੇ ਹਨ। ਆਪਣੇ ਗੁਰੂ ਦੇ ਦਾਇਰੇ ਵਿੱਚ ਰਹਿੰਦੇ ਹਨ।

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ ॥*

*(ਅੰਗ ੪੯੬)*

ਸਿੱਖ ਵੱਡੀ ਤੋਂ ਵੱਡੀ ਪੜ੍ਹਾਈ ਕਰੇ ਪਰ ਇੰਨੀ ਵੱਡੀ ਨਹੀਂ ਕਿ ਗੁਰੂ ਦੀ ਮਰਿਆਦਾ ਛੋਟੀ ਜਾਪਣ ਲੱਗ ਜਾਵੇ। ਪੜ੍ਹੇ ਲਿਖੇ ਬਾਰੇ ਗੁਰਬਾਣੀ ਵਿੱਚ ਲਿਖਿਆ ਹੈ:

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*(ਅੰਗ ੧੪੦)*

ਕਈ ਸਰੀਰ ਅਮਰੀਕਾ, ਕੈਨੇਡਾ ਜਾਂਦੇ ਹਨ। ਜਾਂਦੇ ਹੀ ਕੇਸ ਦਾੜ੍ਹੀ ਕਟਾ ਲੈਂਦੇ ਨੇ, ਉੱਥੋਂ ਦੇ ਮਾਹੌਲ ਦਾ ਅਸਰ ਹੋ ਜਾਂਦਾ ਹੈ। ਸਾਰੇ ਨਹੀਂ ਕੁਝ ਕੁ ਸਰੀਰ ਪਤਿਤ ਹੋ ਜਾਂਦੇ ਹਨ ਤੇ ਕੁਝ ਸਿੱਖੀ ਦੀ ਆਨ ਸ਼ਾਨ ਕਾਇਮ ਰੱਖਦੇ ਹਨ। ਇੱਕ ਪ੍ਰੇਮੀ ਨੇ

ਗੱਲ ਸੁਣਾਈ ਜੋ ਕਿ ਅਮਰੀਕਾ ਦਾ ਰਹਿਣ ਵਾਲਾ ਸੀ। ਕਹਿਣ ਲੱਗਾ ਕਿ ਮੇਰਾ ਬੱਚਾ ਅਮਰੀਕਾ ਦੇ ਸਕੂਲ ਵਿੱਚ ਪੜ੍ਹਦਾ ਹੈ ਤੇ ਫਸਟ ਆਇਆ ਹੈ ਤੇ ਦਸਤਾਰ ਸਜੀ ਉਸਦੀ ਫੋਟੋ ਸਕੂਲ ਵਿੱਚ ਸਭ ਤੋਂ ਉੱਚੀ ਲੱਗੀ ਹੈ। ਇਹ ਗੱਲ ਸੁਣਾਉਂਦੇ ਉਸ ਬੱਚੇ ਦੇ ਪਿਤਾ ਦੇ ਨੇਤਰਾਂ ਵਿੱਚੋਂ ਜਲ ਆ ਗਿਆ ਤੇ ਕਹਿਣ ਲੱਗਾ ਜਦੋਂ ਮੈਂ ਆਪਣੇ ਸਿੱਖੀ ਸਰੂਪ ਵਿੱਚ ਸਜੇ ਬੱਚੇ ਦੀ ਫੋਟੋ ਦੇਖਦਾ ਹਾਂ ਤਾਂ ਮੈਨੂੰ ਗੁਰੂ ਕਲਗੀਧਰ ਪਿਤਾ ਜੀ ਤੇ ਮਾਣ ਹੋ ਜਾਂਦਾ ਹੈ, ਫ਼ਖਰ ਹੋ ਜਾਂਦਾ ਹੈ ਕਿ ਸ਼ੁਕਰ ਹੈ ਧੰਨ ਗੁਰੂ ਕਲਗੀਧਰ ਪਿਤਾ ਜੀ ਤੁਹਾਡਾ ਸਿੱਖ ਬੱਚਾ ਇੰਨੇ ਵੱਡੇ ਮੁਲਕ ਦੀ ਪੜ੍ਹਾਈ ਵਿੱਚੋਂ ਫਸਟ ਆਇਆ ਹੈ ਤੇ ਸਿੱਖੀ ਦਾ ਨਾਂ ਰੋਸ਼ਨ ਕਰ ਰਿਹਾ ਹੈ। ਇੱਕ ਗੱਲ ਹੋਰ ਉਨ੍ਹਾਂ ਨੇ ਬਹੁਤ ਹੀ ਸੋਹਣੀ ਦੱਸੀ, ਕਹਿਣ ਲੱਗੇ ਚਾਹੇ ਉੱਥੇ ਅੰਗਰੇਜ਼ੀ ਦਾ ਪਸਾਰਾ ਹੈ ਪਰ ਸਾਡੇ ਘਰ ਵਿੱਚ ਇੱਕ ਅਸੂਲ ਹੈ ਕਿ ਘਰ ਵਿੱਚ ਹਰ ਗੱਲ ਪੰਜਾਬੀ ਵਿੱਚ ਕਰਨੀ ਹੈ ਤਾਂ ਕਿ ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁੱਲ ਨਾ ਜਾਈਏ। ਸ਼ੁਕਰ ਹੈ ਉਸ ਮਾਲਕ ਦਾ। ਕੁਰਬਾਨ ਜਾਈਏ ਐਸੇ ਪਰਿਵਾਰਾਂ ਤੋਂ ਜੋ ਸਿੱਖੀ ਨਾਲ ਪਿਆਰ ਕਰਦੇ ਹਨ ਤੇ ਬਾਹਰ ਦੇ ਮੁਲਕਾਂ ਵਿੱਚ ਜਾ ਕੇ ਵੀ ਆਪਣੇ ਮਾਲਕ, ਆਪਣੀ ਵਿਰਾਸਤ, ਆਪਣੇ ਧਰਮ ਤੇ ਧਰਮ ਦੇ ਅਸੂਲਾਂ ਨੂੰ ਯਾਦ ਰੱਖਦੇ ਹਨ। ਕੁਝ ਐਸੇ ਸਿੱਖ ਵੀ ਹਨ ਜੋ ਪਤਿਤ ਹੋ ਕੇ, ਅਸਲ ਰੂਪ ਵਿਗਾੜ ਕੇ ਖੁਸ਼ੀ ਮਹਿਸੂਸ ਕਰਦੇ ਹਨ, ਸ਼ਾਨ ਸਮਝਦੇ ਹਨ।

ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਮਹਾਂਪੁਰਸ਼ਾਂ ਕੋਲ ਚਾਰ-ਪੰਜ ਸਰੀਰ ਆਏ ਦਰਸ਼ਨਾਂ ਨੂੰ। ਸਾਧ ਸੰਗਤ ਜੀ ਪੂਰਨ ਕਮਾਈ ਵਾਲੇ ਸੰਤਾਂ ਮਹਾਂਪੁਰਖਾਂ ਦਾ ਇਹੀ ਯਤਨ ਹੁੰਦਾ ਹੈ। ਇਹੀ ਕਿਰਤ ਹੁੰਦੀ ਹੈ ਕਿ ਜਿੱਥੇ ਵੀ ਹੋਵੇ, ਜਿਸ ਤਰ੍ਹਾਂ ਵੀ ਹੋਵੇ ਕੋਈ ਟੁੱਟਿਆ ਹੋਇਆ ਜੁੜ ਜਾਵੇ। ਕੋਈ ਬੇਮੁੱਖ ਹੋਇਆ ਗੁਰੂ ਦੇ ਲੜ ਲੱਗ ਜਾਏ।

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***

*(ਅੰਗ ੭੪੯)*

ਸਾਨੂੰ ਆਮ ਜੀਵਾਂ ਨੂੰ ਆਪੋ ਆਪਣੀ ਦੌੜ ਲੱਗੀ ਰਹਿੰਦੀ ਹੈ। ਆਪਣੇ ਹੀ ਖਿਲੇਰਿਆਂ ਤੋਂ ਵਿਹਲ ਨਹੀਂ ਮਿਲਦੀ ਪਰ ਸੰਤਾਂ, ਮਹਾਂਪੁਰਖਾਂ ਦਾ ਇਹੀ ਉਪਰਾਲਾ ਹੁੰਦਾ ਹੈ, ਨਿਸ਼ਾਨਾ ਹੁੰਦਾ ਹੈ ਕਿ ਕੋਈ ਟੁੱਟਿਆ ਹੋਇਆ ਗੁਰੂ ਚਰਨਾਂ ਨਾਲ ਜੁੜ ਜਾਏ। ਸੰਤ ਮਹਾਂਪੁਰਖ ਜਾਂਦੇ-ਜਾਂਦੇ ਮੀਂਹ ਕਾਰਨ ਗਨਕਾ ਵਿਹੜੇ ਖੜੋ ਗਏ ਤੇ ਗਨਕਾ ਦਾ ਪਾਰ ਉਤਾਰਾ ਕਰ ਗਏ। ਕਮਾਈ ਵਾਲਿਆਂ ਨੇ ਅਜਾਮਲ ਤੋਂ ਪ੍ਰਸ਼ਾਦਾ ਛਕਿਆ ਤੇ ਉਸ ਦਾ ਬੇੜਾ ਬੰਨੇ ਲਾ ਦਿੱਤਾ। ਨਾਮ ਜਪਣ ਵਾਲਿਆਂ ਨੇ ਹਰ ਵੇਲੇ ਨਾਮ ਨਾਲ ਜੋੜਨ ਦੀ ਹੀ ਕੋਸ਼ਿਸ਼ ਕਰਨੀ ਹੈ।

ਧੰਨ ਬਾਬਾ ਈਸ਼ਰ ਸਿੰਘ ਜੀ ਨੇ ਦਰਸ਼ਨ ਕਰਨ ਆਏ ਚਾਰ-ਪੰਜ ਸਰੀਰਾਂ ਤੋਂ ਪੁੱਛ ਲਿਆ ਕਿ ਬੇੜੇ 'ਚ ਬੈਠੇ ਹੋ ਕੇ ਨਹੀਂ। ਬੜੇ ਪੜ੍ਹੇ ਲਿਖੇ ਜਾਪਦੇ ਸਨ ਉਹ ਸਾਰੇ, ਆਖਣ ਲੱਗੇ ਜੀ ਕਿਹੜਾ ਬੇੜਾ। ਬਾਬਾ ਜੀ ਕਹਿਣ ਲੱਗੇ, "ਅੰਮ੍ਰਿਤ ਛਕਿਆ ਹੈ ਕਿ ਨਹੀਂ, ਗੁਰੂ ਕਲਗੀਧਰ ਪਿਤਾ ਜੀ ਦੇ ਬੇੜੇ ਵਿੱਚ ਬੈਠੇ ਹੋ ਕਿ ਨਹੀਂ। ਗੁਰੂ ਵਾਲੇ ਬਣੇ ਹੋ ਕੇ ਨਹੀਂ। ਪੜ੍ਹੇ ਲਿਖੇ ਸਨ ਪੜ੍ਹਾਈ ਹਿਰਦੇ 'ਤੇ ਬੈਠੀ ਸੀ, ਕਹਿਣ ਲੱਗੇ, ਅੰਮ੍ਰਿਤ ਛਕਣ ਦਾ ਕੀ ਹੈ। ਮਨ ਸਾਫ਼ ਹੋਣਾ ਚਾਹੀਦਾ ਹੈ। ਬਾਬਾ ਜੀ ਨੇ ਕਿਹਾ, "ਮੈਨੂੰ ਇੱਕ ਗੱਲ ਦੱਸੋ, ਧੰਨ ਕਲਗੀਧਰ ਪਾਤਸ਼ਾਹ ਜੀ ਕਵੀਆਂ ਦੇ ਕਵੀ, ਯੋਧਿਆਂ ਦੇ ਯੋਧੇ, ਲਿਖਾਰੀਆਂ ਦੇ ਲਿਖਾਰੀ, ਤਪੀਆਂ ਦੇ ਤਪੀਸਰ, ਸਰਬ ਗੁਣ ਸੰਪੂਰਨ, ਜਿਨ੍ਹਾਂ ਨੇ ਆਪ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜੇ। ਕੀ ਉਨ੍ਹਾਂ ਦਾ ਮਨ ਮੈਲਾ ਸੀ? ਉਨ੍ਹਾਂ ਸਾਰਿਆਂ ਦੇ ਸੀਸ ਝੁੱਕ ਗਏ। ਕੋਈ ਜੁਆਬ ਨਹੀਂ ਸੀ ਸੁੱਝ ਰਿਹਾ,

ਉਨ੍ਹਾਂ ਨੂੰ। ਬਾਬਾ ਜੀ ਕਹਿਣ ਲੱਗੇ ਕਿ ਕੀ ਸਿਰਫ ਮਨ ਮੈਲੇ ਵਾਲੇ ਨੂੰ ਹੀ ਅੰਮ੍ਰਿਤ ਛਕਣਾ ਚਾਹੀਦਾ ਹੈ? ਨਹੀਂ ਭਾਈ ਇਹ ਤਾਂ ਇੱਕ ਮਰਿਆਦਾ ਹੈ, ਇੱਕ ਹੁਕਮ ਹੈ ਮਾਲਕ ਦਾ। ਇੱਕ ਦਾਇਰਾ ਹੈ ਮਾਲਕ ਦਾ ਜਿਸ ਵਿੱਚ ਰਹਿਣ ਦਾ ਹੁਕਮ ਹੈ ਤੇ ਹੁਕਮ ਮੰਨਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ। ਗੁਰੂ ਦੇ ਹੁਕਮ ਨੂੰ ਨਾ ਮੰਨਣਾ ਮਨਮੁੱਖ ਹੋਣ ਦੀ ਨਿਸ਼ਾਨੀ ਹੈ। ਸਾਧ ਸੰਗਤ ਜੀ ਸੰਤਾਂ, ਮਹਾਂਪੁਰਖਾਂ ਦੇ ਬਚਨ ਸਾਂਝੇ ਕਰਨ ਦਾ ਮਕਸਦ ਵੀ ਇਹੀ ਹੁੰਦਾ ਹੈ ਕਿ ਇਹ ਮਨ ਸਿੱਖਿਆਵਾਂ ਰਾਹੀਂ ਕਾਬੂ ਵਿੱਚ ਆ ਜਾਵੇ।

ਬਾਬਾ ਜੀ ਇੱਕ-ਇੱਕ ਨਗਰ ਵਿੱਚ ਚਾਰ-ਚਾਰ, ਪੰਜ-ਪੰਜ ਦਿਨ ਦੀਵਾਨ ਲਗਾਉਂਦੇ ਸਨ ਤੇ ਸਭ ਦੀਵਾਨਾਂ ਵਿੱਚ ਇਹੀ ਬਚਨ ਕਰਦੇ ਸਨ ਕਿ ਸਿੱਖ ਪਰਿਵਾਰ ਸਹਿਤ ਅੰਮ੍ਰਿਤ ਛਕੇ। ਹਰ ਰੋਜ਼ ਕੀਰਤਨ ਦੇ ਪ੍ਰਵਾਹ ਅਤੇ ਬਚਨਾਂ ਰਾਹੀਂ ਮਨ ਨੂੰ ਠੋਕਰਾਂ ਲੱਗਦੀਆਂ ਸਨ ਤੇ ਅਖੀਰਲੇ ਦਿਨ ਅੰਮ੍ਰਿਤ ਸੰਚਾਰ ਵੇਲੇ ਮਨ ਆਪਣੇ ਆਪ ਹੀ ਟਿਕਾਣੇ ਆ ਜਾਂਦਾ ਸੀ ਕਿ ਅੰਮ੍ਰਿਤ ਛਕ ਹੀ ਲਈਏ। ਮਹਾਂਪੁਰਖ ਸ਼ੁਕਰ ਕਰਦੇ ਕਿ ਕਿਸੇ ਤਰ੍ਹਾਂ ਵੀ ਕਿਸੇ ਦਾ ਮਨ ਬਦਲੇ ਕਿਉਂਕਿ ਸੰਸਾਰ ਦਾ ਕਲਿਆਣ ਵੀ ਇਸੇ ਵਿੱਚ ਹੈ। ਕਈ ਤਾਂ ਪਰਿਵਾਰਾਂ ਸਹਿਤ ਬੇੜੇ 'ਚ ਬੈਠ ਜਾਂਦੇ ਪਰ ਕਈ ਕਹਿ ਦਿੰਦੇ ਸਨ ਕਿ ਆਪ ਅੰਮ੍ਰਿਤ ਛਕਾਂਗੇ ਪਰ ਆਪਣੀ ਧੀ ਨੂੰ ਅੰਮ੍ਰਿਤ ਨਹੀਂ ਛਕਾਉਣਾ। ਬਾਬਾ ਜੀ ਨੇ ਨਾਲ ਹੀ ਪੁੱਛ ਲੈਣਾ ਐਸਾ ਕਿਉਂ ਭਾਈ? ਅੱਗੋਂ ਜਵਾਬ ਮਿਲਦਾ ਕੀ ਪਤਾ ਨਹੀਂ ਕੱਲ ਨੂੰ ਇਨ੍ਹਾਂ ਨੂੰ ਕਿਹੋ-ਜਿਹੇ ਵਰ ਘਰ ਮਿਲਣੇ ਹਨ ਇਸ ਲਈ ਅੰਮ੍ਰਿਤ ਨਹੀਂ ਛਕਾਉਣਾ। ਬਾਬਾ ਜੀ ਕਹਿਣ ਲੱਗੇ ਕਿ ਅਸੀਂ ਪਹਿਲੇ ਹੀ ਧਾਰਿਆ ਹੈ ਮਨ ਵਿੱਚ ਅਸੀਂ ਧੀ ਲਈ ਸ਼ਰਾਬੀ-ਜੁਆਰੀ ਵਰ ਲੱਭਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਬੱਚੀ ਅੰਮ੍ਰਿਤ ਛਕੇਗੀ ਤਾਂ ਸਾਰੀ ਬਰਾਦਰੀ ਵਿੱਚ ਪਤਾ ਲੱਗ ਜਾਂਦਾ ਹੈ ਤਾਂ ਕੁਦਰਤੀ ਹੀ ਜਿੱਥੇ ਵੀ, ਜਿਹੜਾ ਵੀ ਰਿਸ਼ਤੇ ਦੀ ਗੱਲ ਕਰੇਗਾ ਉਹ ਵਿਸ਼ੇਸ਼ ਕਰਕੇ ਇਸ ਗੱਲ ਨੂੰ ਹੀ ਪਹਿਲ ਦੇਵੇਗਾ ਕਿ ਪਰਿਵਾਰ ਅੰਮ੍ਰਿਤਧਾਰੀ ਹੈ ਜਾਂ ਗੱਲ ਹੀ ਉੱਥੇ ਹੋਏਗੀ ਜੋ ਪਰਿਵਾਰ ਅੰਮ੍ਰਿਤਧਾਰੀ ਹੋਵੇਗਾ। ਜਿਸ ਨੇ ਗੁਰੂ ਦੀ ਮੋਹਰ ਲਗਵਾਈ ਹੋਏਗੀ ਉਸ 'ਤੇ ਗੁਰੂ ਦੀ ਰਹਿਮਤ ਹੋਏਗੀ, ਉਹ ਅੰਮ੍ਰਿਤਧਾਰੀ ਨੂੰ ਅੰਮ੍ਰਿਤਧਾਰੀ ਦਾ ਮੇਲ ਜ਼ਰੂਰ ਕਰਵਾਉਣਗੇ ਕਿਉਂਕਿ ਉਹ ਆਪ ਹਾਜ਼ਰ-ਨਾਜ਼ਰ ਹਨ, ਆਪ ਕਿਰਪਾ ਕਰਨਗੇ।

***ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ***
***ਜਿਥੈ ਕਿਥੈ ਮੈਨੋ ਲਏ ਛਡਾਈ ॥***

*(ਅੰਗ ੫੮੮)*

ਮਹਾਂਪੁਰਖਾਂ ਦੇ ਬਚਨਾਂ ਦੇ ਤੀਰਾਂ ਸਦਕਾ ਨਗਰਾਂ ਤੇ ਪਿੰਡਾਂ ਦੇ ਦੀਵਾਨਾਂ ਦੇ ਆਖਰੀ ਦਿਨ ਅੰਮ੍ਰਿਤ ਸੰਚਾਰ ਸਮੇਂ 10-10 ਹਜ਼ਾਰ ਦੀ ਗਿਣਤੀ ਹੁੰਦੀ ਸੀ, ਅੰਮ੍ਰਿਤ ਛਕਣ ਵਾਲਿਆਂ ਦੀ। ਕਿਉਂਕਿ ਮਹਾਂਪੁਰਖਾਂ ਦੇ ਉੱਚੇ ਸੁੱਚੇ ਬਚਨ ਮਨਮੁੱਖ ਦੇ ਹਿਰਦੇ ਨੂੰ ਵੀ ਕੀਲ ਕੇ ਰੱਖ ਦਿੰਦੇ ਹਨ ਤੇ ਸਿੱਖ ਦਾ ਆਪਣੇ ਗੁਰੂ 'ਤੇ ਦ੍ਰਿੜ੍ਹ ਨਿਸ਼ਚਾ ਤੇ ਵਿਸ਼ਵਾਸ ਸਾਰੇ ਕਾਰਜ ਰਾਸ ਕਰ ਦਿੰਦਾ ਹੈ।

ਕਮਾਈ ਵਾਲੇ ਸੰਤਾਂ ਮਹਾਂਪੁਰਖਾਂ ਦੇ ਬਚਨ ਬਹੁਤ ਕੁਝ ਬਦਲ ਦਿੰਦੇ ਹਨ। ਉਨ੍ਹਾਂ ਦੇ ਉਪਰਾਲੇ, ਉਨ੍ਹਾਂ ਦੇ ਯਤਨ ਆਮ ਬੰਦੇ ਦੇ ਸੁੱਤੇ ਹੋਏ ਮਨ ਨੂੰ ਜਗਾ ਦਿੰਦੇ ਹਨ। ਉਨ੍ਹਾਂ ਦੀਆਂ ਪ੍ਰੇਰਨਾਵਾਂ ਤੇ ਕੀਤੇ ਅਮੁੱਲ ਬਚਨ ਅਸਲ ਰਾਹ ਵੱਲ ਤੋਰ ਦਿੰਦੇ ਹਨ।

ਅੰਮ੍ਰਿਤ ਛਕਣ ਦੀ ਗੱਲ 'ਤੇ ਕਈ ਬੰਦੇ ਆਖ ਦਿੰਦੇ ਹਨ ਕਿ ਜਦੋਂ ਗੁਰੂ ਦਾ ਹੁਕਮ ਹੋਏਗਾ, ਛਕ ਲਵਾਂਗੇ। ਉਸ ਦੇ ਹੁਕਮ ਵਿੱਚ ਹੀ ਸਭ ਕੁਝ ਹੈ। ਧੰਨ ਬਾਬਾ ਈਸ਼ਰ ਸਿੰਘ ਜੀ ਕਹਿੰਦੇ ਹਨ ਪਿਆਰਿਆ ਹੁਕਮ ਤਾਂ ਹੋਇਆ ਹੀ ਹੋਇਆ ਹੈ ਤੇ ਹੋਇਆ ਵੀ ਸਭ ਲਈ ਸਾਂਝਾ ਹੀ ਹੈ।

***ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥***

*(ਅੰਗ ੨੯੯)*

ਕੀ ਇਹ ਹੁਕਮ ਨਹੀਂ?

***ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ***
***ਹਰਿ ਸਿਮਰਤ ਅਨਦ ਅਨੰਤਾ ॥***

*(ਅੰਗ ੪੯੬)*

ਕੀ ਇਹ ਹੁਕਮ ਨਹੀਂ?

***ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।***

*(ਵਾਰ ੪੧, ਪਉੜੀ ੧)*

ਕੀ ਇਹ ਹੁਕਮ ਨਹੀਂ?

ਇਹ ਹੁਕਮ ਹੀ ਤਾਂ ਹੈ ਬਾਣੀ ਰਾਹੀਂ ਸਦਾ ਲਈ ਅਤੇ ਸਭ ਲਈ। ਹੋਰ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਸਾਹਮਣੇ ਆ ਕੇ ਇਕੱਲੇ-ਇਕੱਲੇ ਨੂੰ ਹੁਕਮ ਕਰਨਾ ਹੈ ਕਿ ਅੰਮ੍ਰਿਤ ਛਕ ਲਓ। ਹੁਕਮ ਤਾਂ ਹੈ ਹੀ ਬਾਣੀ ਵਿੱਚ, ਬਸ ਸਮਝਣ ਦੀ ਲੋੜ ਹੈ। ਇਹ ਪ੍ਰਤੱਖ ਆਦੇਸ਼ ਹੈ:

***ਰਹਿਣੀ ਰਹੈ ਸੋਈ ਸਿੱਖ ਮੇਰਾ।***
***ਓਹ ਠਾਕੁਰੁ ਮੈਂ ਉਸਕਾ ਚੇਰਾ।***
***ਰਹਿਤ ਬਿਨਾਂ ਨਹਿ ਸਿੱਖ ਕਹਾਵੈ।***
***ਰਹਿਤ ਬਿਨਾਂ ਦਰ ਚੋਟਾਂ ਖਾਵੈ।***

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਰਹਿਤ ਕੀ ਹੈ ਜਿਸ ਦੇ ਬਿਨਾਂ ਸਿੱਖ, ਸਿੱਖ ਹੀ ਨਹੀਂ।

***ਪ੍ਰਿਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।***

*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਇਹ ਹੁਕਮ ਸਾਡੇ ਸਾਰਿਆਂ ਲਈ ਹੈ। ਕੋਈ ਵੱਖਰਾ ਹੁਕਮ ਨਹੀਂ ਮਿਲਣਾ। ਇਹੀ ਹੁਕਮ ਅਸੀਂ ਸਾਰਿਆਂ ਨੇ ਸੁਣਨਾ ਹੈ, ਮੰਨਣਾ ਹੈ ਅਤੇ ਇਸ 'ਤੇ ਅਮਲ ਕਰਨਾ ਹੈ। ਇਸ 'ਤੇ ਅਮਲ ਨਾ ਕਰਨਾ ਇੱਕ ਤਰ੍ਹਾਂ ਦਾ ਬੇਦਾਵਾ ਲਿਖਣ ਦੀ ਨਿਆਈਂ ਹੈ ਕਿ ਅਸੀਂ ਗੁਰੂ ਦੀ ਆਗਿਆ ਦਾ ਉਲੰਘਣ ਕਰਦੇ ਹਾਂ। ਇਹੀ ਤਾਂ ਬੇਅਦਬੀ ਕਰ ਰਹੇ ਹਾਂ ਅਸੀਂ ਅੰਮ੍ਰਿਤ ਨਾ ਛੱਕ ਕੇ।

ਆਓ ਪਿਆਰਿਓ! ਉੱਠੋ ਤੇ ਅੰਮ੍ਰਿਤ ਛਕੋ, ਸਿੰਘ ਸਜੋ, ਗੁਰੂ ਵਾਲੇ ਬਣੋ ਤਾਂ ਜੋ ਸਿਰ ਚੁੱਕ ਕੇ ਕਹਿ ਸਕੋ ਕਿ ਅਸੀਂ ਸਾਰੇ ਗੁਰੂ ਕਲਗੀਧਰ ਪਿਤਾ ਜੀ ਦੇ ਬੱਚੇ ਹਾਂ।

ਇਹ ਵੀ ਬੇਨਤੀ ਹੈ ਕਿ ਅੰਮ੍ਰਿਤ ਛਕਣਾ ਤਾਂ ਗੁਰੂ ਦੇ ਸਕੂਲ ਵਿੱਚ ਦਾਖਲਾ ਲੈਣਾ ਹੈ। ਅਗਲੀ ਪੜ੍ਹਾਈ ਤਾਂ ਅਗਲੀ ਕਲਾਸ ਵਿੱਚ ਜਾ ਕੇ ਪ੍ਰਾਪਤ ਹੋਣੀ ਹੈ। ਅਗਲੀ ਪੜ੍ਹਾਈ ਕੀ ਹੈ ਸੇਵਾ, ਸਿਮਰਨ, ਨਿਮਰਤਾ, ਸ਼ੁਭ ਗੁਣ। ਜਿਸ ਤਰ੍ਹਾਂ ਕੁੱਤੇ ਦੇ ਗਲੇ ਵਿੱਚ ਪਟਾ ਨਾ ਹੋਵੇ ਤਾਂ ਉਹ ਅਵਾਰਾ ਸਮਝਿਆ ਜਾਂਦਾ ਹੈ ਤੇ ਪੱਟੇ ਵਾਲਾ ਕੁੱਤਾ ਆਪਣੇ ਮਾਲਕ ਦੇ ਘਰ ਵਿੱਚ ਸ਼ੇਰ ਵਾਂਗ ਰਹਿੰਦਾ ਹੈ। ਇਸੇ ਤਰ੍ਹਾਂ ਇਹ ਅੰਮ੍ਰਿਤ ਦੀ ਮੋਹਰ ਪੱਟੇ ਵਾਂਗ ਹੈ ਕਿਉਂਕਿ ਅਸੀਂ ਵੀ ਤਾਂ ਉਸ ਦੇ ਦਰ ਦੇ ਕੂਕਰ ਹੀ ਹਾਂ। ਇਸ ਮੋਹਰ ਰਾਹੀਂ ਹੀ ਚੰਗੇ ਗੁਣਾਂ ਦੀ ਪ੍ਰਾਪਤੀ ਦੀ ਜਾਂਚ ਮਿਲਦੀ ਹੈ, ਉੱਚੇ-ਸੁੱਚੇ ਜੀਵਨ ਜਾਂਚ ਦੀ ਸੇਧ ਮਿਲਦੀ ਹੈ।

ਮਹਾਂਪੁਰਖ ਦੱਸਦੇ ਸਨ ਕਿ ਅੰਮ੍ਰਿਤ ਤਿਆਰ ਕਰਨ ਵਾਲੀਆਂ ਇਹ ਸਾਰੀਆਂ ਚੀਜ਼ਾਂ ਪਾਣੀ, ਬਾਣੀ, ਖੰਡਾ, ਬਾਟਾ ਤੇ ਪਤਾਸੇ ਸਾਨੂੰ ਕੁਝ ਸਮਝਾਉਂਦੀਆਂ ਹਨ। ਇਹ ਸਾਰੀਆਂ ਚੀਜ਼ਾਂ ਅੰਮ੍ਰਿਤ ਤਿਆਰ ਕਰਨ ਤੱਕ ਹੀ ਸੀਮਿਤ ਨਹੀਂ ਬਲਕਿ ਇਨ੍ਹਾਂ ਦੀ ਇਕੱਤਰਤਾ ਬਹੁਤ ਡੂੰਘੀ ਸੋਚ ਵੱਲ ਲੈ ਜਾਂਦੀ ਹੈ।

**ਖੰਡਾ ਕਹਿੰਦਾ ਹੈ- ਬੀਰ ਰਸ ਰੱਖ।** ਜੇ ਬੱਚੇ ਨੇ ਪਾਠ ਨਹੀਂ ਕੀਤਾ ਤਾਂ ਉਸ ਨੂੰ ਗੁੱਸੇ ਹੋਣਾ ਹੈ ਪਰ ਕਰੋਧ ਨਹੀਂ ਕਰਨਾ। ਬੀਰ ਰਸ ਵਿੱਚ ਰਹਿਣਾ ਹੈ।

**ਬਾਟਾ ਕਹਿੰਦਾ ਹੈ- ਹਿਰਦਾ ਬਾਟੇ ਵਰਗਾ ਵੱਡਾ,**

**ਵਿਸ਼ਾਲ ਰੱਖ।** ਬਰਦਾਸ਼ਤ ਕਰਨ ਦੀ ਸਹਿਣ ਕਰਨ ਦੀ ਤਾਕਤ, ਦੇਖ ਕੇ ਅਣਡਿੱਠ ਕਰਨ ਦੀ ਸੋਧ।

**ਪਾਣੀ ਕਹਿੰਦਾ ਹੈ- ਨਿਮਰਤਾ ਰੱਖ।** ਨੀਂਉ ਕੇ ਚੱਲ।

**ਬਾਣੀ ਕਹਿੰਦੀ ਹੈ- ਸਿਮਰਨ ਰਾਹੀਂ ਆਤਮਿਕ ਸ਼ਕਤੀ ਬਣਾ।**

**ਪਤਾਸੇ ਕਹਿੰਦੇ ਹਨ- ਮਿਠਾਸ ਰੱਖ।** ਮਿੱਠ ਬੋਲੜਾ ਸੁਭਾਅ ਸਭ ਨੂੰ ਜਿੱਤ ਲੈਂਦਾ ਹੈ।

ਸਾਧ ਸੰਗਤ ਜੀ ਜਿਨ੍ਹਾਂ ਨੇ ਵੀ ਅੰਮ੍ਰਿਤ ਛਕਿਆ ਹੈ ਸਾਰੇ ਇਹੋ ਜਿਹੀ ਪੜ੍ਹਾਈ ਕਰੋ ਕਿ ਲੱਖਾਂ ਦੀ ਨਜ਼ਰ ਤੁਹਾਡੇ 'ਤੇ ਹੋਵੇ ਕਿ ਇਹ ਹੈ ਗੁਰੂ ਦਾ ਸਿੱਖ, ਗੁਰੂ ਦਾ ਲਾਲ। ਹਰ ਕੋਈ ਐਸਾ ਹੀ ਬਣਨ ਦੀ ਸੋਚ ਬਣਾਵੇ।

ਆਓ ਸਾਰੇ ਇਹ ਪ੍ਰਣ ਕਰੀਏ ਆਪਣੇ ਮਨ ਨੂੰ ਉਪਦੇਸ਼ ਦੇਈਏ ਕਿ ਅਸੀਂ ਵੀ ਇਹ ਪੌੜੀ ਜ਼ਰੂਰ ਚੜ੍ਹਨਾ ਹੈ, ਅੰਮ੍ਰਿਤ ਛਕ ਕੇ ਗੁਰੂ ਵਾਲੇ ਬਨਣਾ ਹੈ, ਸਿੰਘ ਸਜਣਾ ਹੈ ਅਤੇ ਨਿਗੁਰੀ ਭਗਤੀ ਨਹੀਂ ਕਰਨੀ ਬਲਕਿ ਗੁਰੂ ਵਾਲੇ ਬਣ ਕੇ ਸੇਵਾ-ਸਿਮਰਨ ਕਰਦੇ ਹੋਏ ਜੀਵਨ ਨੂੰ ਸਫਲ ਬਣਾਉਣਾ ਹੈ। ਆਓ! ਸਾਰੇ ਰਲ ਕੇ ਪੜ੍ਹੀਏ ਤੇ ਇਸੇ ਰਸਤੇ ਚਲੀਏ।

***ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।***

***(ਵਾਰ ੪੧, ਪਉੜੀ ੧)***

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਕੈਸ਼ ਜਮ੍ਹਾਂ ਕਰਵਾਉਣ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

—ਭਾਈ ਪਾਲ ਸਿੰਘ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਅਠਾਰ੍ਹਵਾਂ ਸਲੋਕ :***

***ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥***
***ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥***

*(ਅੰਗ ੧੪੨੭)*

ਹੇ ਭਾਈ ਸੁਣ! ਜਿਸ ਨੇ ਮਾਇਆ ਦੀ (ਮੈਂ ਮੇਰੀ) ਤਿਆਗ ਦਿੱਤੀ ਹੈ ਅਤੇ ਸਭ ਪਦਾਰਥਾਂ ਤੋਂ ਵੈਰਾਗੀ ਹੋ ਗਿਆ ਹੈ, ਉਸਦੇ ਹਿਰਦੇ ਅੰਦਰ ਪ੍ਰਭੂ ਦਾ ਵਾਸਾ ਹੋ ਜਾਂਦਾ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਇਆ ਦਾ ਜ਼ਿਕਰ ਕੀਤਾ ਹੈ ਕਿ ਜੀਵ ਮਾਇਆ ਤੋਂ ਉਪਰ ਰਹੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਾਇਆ ਹੈ ਕੀ? ਤੀਜੇ ਪਾਤਸ਼ਾਹ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਅਨੰਦੁ ਸਾਹਿਬ ਦੀ ਬਾਣੀ ਵਿੱਚ ਫ਼ਰਮਾਉਂਦੇ ਹਨ:

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥***

*(ਅੰਗ ੯੨੧)*

ਭਾਵ ਕਿ ਜਿਸ ਦੇ ਪ੍ਰਭਾਵ ਵਿੱਚ ਆ ਕੇ ਅਸੀਂ ਹਰੀ ਨੂੰ ਭੁੱਲ ਜਾਈਏ, ਉਹ ਮਾਇਆ ਹੈ। ਮਾਇਆ ਦਾ ਪ੍ਰਭਾਵ ਇੰਨਾ ਜ਼ਿਆਦਾ ਪ੍ਰਬਲ ਹੁੰਦਾ ਹੈ ਕਿ ਇਸ ਦੇ ਪ੍ਰਭਾਵ ਵਿੱਚ ਇਨਸਾਨ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਗੁਰਿਆਈ ਮਿਲ ਜਾਣ ਮਗਰੋਂ ਧੀਰਮੱਲ ਸ਼ਰਮਿੰਦਾ ਹੋ ਕੇ ਆਪਣਾ ਸਾਰਾ ਮਾਲ ਵਲੇਟ ਕੇ ਬਕਾਲਾ ਨਗਰ ਛੱਡਣ ਲੱਗਾ ਤਾਂ ਸ਼ੀਹੇ ਮਸੰਦ ਨੇ ਕਿਹਾ, ਮੇਰੇ ਕੋਲ ਬੰਦੂਕ ਹੈ ਆਪਾਂ ਗੁਰੂ ਨੂੰ ਮਾਰ ਕੇ ਸਾਰਾ ਧਨ ਪਦਾਰਥ ਲੁੱਟ ਲਿਆਉਂਦੇ ਹਾਂ।

ਦੂਸਰੇ ਦੁਸ਼ਟ ਸਾਥੀਆਂ ਨੇ ਵੀ ਸ਼ੀਹੇ ਦੀ ਸਲਾਹ ਮੰਨ ਲਈ ਤੇ ਆ ਕੇ ਗੁਰੂ ਜੀ ਉੱਤੇ ਗੋਲੀ ਚਲਾ ਦਿੱਤੀ, ਗੋਲੀ ਸਤਿਗੁਰੂ ਜੀ ਦੇ ਮਸਤਕ ਨਾਲ ਛੋਹ ਕੇ ਅੱਗੇ ਲੰਘ ਗਈ। ਸ਼ੀਹਾ ਮਸੰਦ ਸਾਰਾ ਧੰਨ ਲੁੱਟ ਕੇ ਲੈ ਗਿਆ।

ਜਦੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਧੀਰਮੱਲ ਦੀ ਕਾਲੀ ਕਰਤੂਤ ਦਾ ਪਤਾ ਲੱਗਾ ਤਾਂ ਉਹ ਹੋਰ ਸਿੱਖਾਂ ਨੂੰ ਨਾਲ ਲੈ ਕੇ ਧੀਰਮੱਲ ਦੇ ਕੋਲ ਪੁੱਜ ਗਏ। ਸ਼ੀਹੇ ਮਸੰਦ ਦੇ ਸਾਥੀ ਸਭ ਕੁਝ ਛੱਡ ਕੇ ਭੱਜ ਗਏ। ਜਦੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਾਰੇ ਪਦਾਰਥਾਂ ਨੂੰ ਸਤਿਕਾਰ ਨਾਲ ਚੁੱਕ ਕੇ ਗੁਰੂ ਜੀ

ਪਾਸ ਆਏ ਤਾਂ ਸਤਿਗੁਰੂ ਜੀ ਨੇ ਮੁਸਕਰਾ ਕੇ ਉੱਤਰ ਦਿੱਤਾ, ਧੀਰਮੱਲ ਮਾਇਆ ਨਾਲ ਪਿਆਰ ਕਰਦਾ ਹੈ, ਉਸਨੂੰ ਧਨ-ਪਦਾਰਥ ਮੋੜ ਦੇਵੋ। ਮਾਇਆ ਨਾਲ ਪਿਆਰ ਕਰਨ ਵਾਲੇ ਵਾਹਿਗੁਰੂ ਨਾਲ ਪਿਆਰ ਨਹੀਂ ਕਰਦੇ।

***ਮਦਿ ਮਾਇਆ ਕੈ ਭਇਓ ਬਾਵਰੋ***
***ਹਰਿ ਜਸੁ ਨਹਿ ਉਚਰੈ ॥***
***ਕਰਿ ਪਰਪੰਚੁ ਜਗਤ ਕਉ ਡਹਕੈ***
***ਅਪਨੋ ਉਦਰੁ ਭਰੈ ॥੧॥***

*(ਅੰਗ ੫੩੬)*

ਮਾਇਆ ਭਾਵੇਂ ਨਾਗਨੀ ਹੋ ਕੇ ਸਭ ਨੂੰ ਚਿੰਬੜ ਰਹੀ ਹੈ ਪਰ ਇਸ ਦਾ ਰੂਪ ਇੰਨਾ ਪ੍ਰਭਾਵੀ ਹੁੰਦਾ ਹੈ ਕਿ ਇਸ ਦੇ ਡੰਗੇ ਜਾਣ ਦਾ ਪਤਾ ਹੀ ਨਹੀਂ ਲੱਗਦਾ। ਹਰ ਕੋਈ ਗਲਤ ਤੋਂ ਗਲਤ ਢੰਗ ਵਰਤ ਕੇ ਇਸ ਨੂੰ ਘਰ ਲਿਆਉਣ ਦੇ ਫਿਕਰ ਵਿੱਚ ਭੱਜਾ ਫਿਰਦਾ ਹੈ ਪਰ ਅੰਤ ਵੇਲੇ ਇਹ ਕਿਸੇ ਦੇ ਨਾਲ ਵੀ ਨਹੀਂ ਜਾਂਦੀ।

***ਰਾਜੁ ਕਮਾਇ ਕਰੀ ਜਿਨਿ ਥੈਲੀ***
***ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥***

*(ਅੰਗ ੧੦੦੪)*

ਇੱਕ ਸਮੇਂ ਸ੍ਰੀ ਕ੍ਰਿਸ਼ਨ ਜੀ ਜਦ ਪਾਂਡਵਾਂ ਵੱਲੋਂ ਵਕੀਲ ਬਣ ਕੇ ਕੌਰਵਾਂ ਪਾਸ ਗਏ ਕਿ ਰਾਜ ਦਾ ਕੁਝ ਹਿੱਸਾ ਪਾਂਡਵਾਂ ਨੂੰ ਦੇ ਦਿਓ। ਤਦ ਦੁਰਯੋਧਨ ਨੇ ਰਾਜ ਦਾ ਹਿੱਸਾ ਦੇਣਾ ਤਾਂ ਕਿਧਰੇ ਰਿਹਾ, ਪੰਜ ਪਿੰਡ ਦੇਣੇ ਵੀ ਮਨਜ਼ੂਰ ਨਾ ਕੀਤੇ ਅਤੇ ਆਖਿਆ, ਕਿ ਇਹ ਸਾਰੀ ਧਰਤੀ ਮੇਰੀ ਹੈ। ਮੈਂ ਤਾਂ ਇੱਕ ਸੂਈ ਦੇ ਨੱਕੇ ਜਿੰਨੀ ਵੀ ਧਰਤੀ ਦੇਣ ਨੂੰ ਤਿਆਰ ਨਹੀਂ ਹਾਂ।

ਸਮੇਂ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਚਾਹੁੰਦੇ ਸਨ ਕਿ ਯੁੱਧ ਨਾ ਹੋਵੇ ਪਰ ਮਾਇਆ ਦਾ ਪ੍ਰਭਾਵ ਦੁਰਯੋਧਨ ਤੇ ਇੰਨਾ ਜ਼ਿਆਦਾ ਸੀ ਕਿ ਉਸਨੇ ਇਸ ਦੇ ਪ੍ਰਭਾਵ ਵਿੱਚ ਸਭ ਰਿਸ਼ਤੇ-ਨਾਤਿਆਂ ਨੂੰ ਤਿਲਾਂਜਲੀ ਦੇ ਕੇ ਯੁੱਧ ਦਾ ਬਿਗਲ ਵਜਾ ਦਿੱਤਾ। ਯੁੱਧ ਤੋਂ ਪਹਿਲਾਂ ਦੁਰਯੋਧਨ ਵੇਖਣ ਗਿਆ ਕਿ ਮੇਰੇ ਅਧੀਨ ਕਿਤਨੇ ਕੁ ਰਾਜੇ ਹਨ। ਅਠਤਾਲੀ ਕੋਹਾਂ (60 ਮੀਲ) ਵਿੱਚ ਉਸਦੀ ਸੈਨਾ ਦਾ ਖਿਲਾਰ ਸੀ।

ਅਠਾਰ੍ਹਵੇਂ ਦਿਨ ਜਦ ਦੁਰਯੋਧਨ ਮਰ ਗਿਆ ਤਾਂ ਕੋਰਵਾਂ ਦੀਆਂ ਲੋਥਾਂ ਨੂੰ ਗਿਰਝਾ ਨੇ ਖਾਧਾ।

***ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥***
***ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥੨॥***

*(ਅੰਗ ੬੯੩)*

ਗੁਰਮਤਿ ਵਿੱਚ ਮਾਇਆ ਦਾ ਤਿਆਗ ਨਹੀਂ ਹੈ, ਮਾਇਆ ਦੇ ਮੋਹ ਦਾ ਤਿਆਗ ਹੈ। ਜੋ ਗੁਰਮੁਖ ਗ੍ਰਿਹਸਤੀ ਹੁੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਭਗਤ ਕਬੀਰ ਜੀ ਕਹਿੰਦੇ ਹਨ ਕਿ ਮੈਂ ਉਸ ਦਾ ਦਾਸ ਹਾਂ:

***ਮਾਇਆ ਮਹਿ ਜਿਸੁ ਰਖੈ ਉਦਾਸੁ ॥***
***ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥***

*(ਅੰਗ ੧੧੫੭)*

ਜਿੱਥੇ ਸੰਸਾਰ ਦੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ, ਉੱਥੇ ਪਰਮਾਤਮਾ ਆਪਣਾ ਘਰ ਬਣਾ ਲੈਂਦਾ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ, ਐਸੇ ਜੀਵ ਦੇ ਹਿਰਦੇ ਵਿੱਚ ਪਰਮਾਤਮਾ ਦਾ ਵਾਸ ਹੁੰਦਾ ਹੈ।

***-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

***

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

481. **ਸਵਾਲ: ਸਤਿਕਾਰਯੋਗ ਵੀਰ ਜੀ, ਵੱਖ-ਵੱਖ ਧਰਮਾਂ ਵਿੱਚ ਵੱਖ-ਵੱਖ ਢੰਗਾਂ ਨਾਲ ਜਗਿਆਸੂ ਪਰਮੇਸ਼ਰ ਦੀ ਪ੍ਰਾਪਤੀ ਲਈ ਤਪ ਕਰਦੇ ਹਨ ਪਰ ਸਿੱਖੀ ਵਿੱਚ ਕਿਹੜਾ ਤਪ ਪ੍ਰਵਾਨ ਹੈ?**

**ਜਵਾਬ:** ਇੱਕ ਵਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੋਲ ਤਿੰਨ ਸਿੱਖ ਆਏ ਸਨ। ਉਨ੍ਹਾਂ ਦੇ ਨਾਂ ਕੀ ਹਨ? ਇਨ੍ਹਾਂ ਦਾ ਜ਼ਿਕਰ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ :

***ਦੋਹਰਾ:** ਪ੍ਰਿਥੀਮਲ ਸਹਿਗਲ ਉਭੈ ਰਾਮਾ ਡਿਡੀ ਤੀਨ ।*

ਇਹ ਤਿੰਨ ਸਿੱਖ ਆਏ- ਪ੍ਰਿਥੀਮਲ, ਸਹਿਗਲ ਤੇ ਰਾਮਾ ਡਿਡੀ।

*ਆਏ ਸ੍ਰੀ ਗੁਰ ਦਰਸ ਕੋ ਜੱਗਯਾਸਾ ਮਨ ਲੀਨ ॥੫੯॥*

ਇਹ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਆਏ। ਰਸਤੇ ਵਿੱਚ ਹੀ ਸਲਾਹ ਕਰਦੇ ਹਨ, ਜਗਿਆਸਾ ਮਨ ਵਿੱਚ ਲਿਆਂਦੀ, ਰੋਜ਼ਾਨਾ ਦੀ ਜ਼ਿੰਦਗੀ ਰੁਟੀਨ ਵਿੱਚ ਬਤੀਤ ਹੋ ਰਹੀ ਹੈ। ਰੋਜ਼ ਘਰ ਕਿਸੇ ਨਾ ਕਿਸੇ ਗੱਲ ਤੋਂ ਮਨ ਖਰਾਬ ਹੁੰਦਾ। ਰੋਜ਼ ਕੋਈ ਨਾ ਕੋਈ ਮਸਲਾ ਬਣ ਜਾਂਦਾ ਹੈ। ਰੋਜ਼ ਕੋਈ ਨਾ ਕੋਈ ਚਿੰਤਾ ਖੜ੍ਹੀ ਹੋ ਜਾਂਦੀ ਹੈ, ਕਦੀ ਕੋਈ ਰੁੱਸ ਗਿਆ, ਕਦੀ ਕੋਈ ਰੁੱਸ ਗਿਆ। ਰੋਜ਼ ਮਨ ਵਿੱਚ ਕੋਈ ਨਾ ਕੋਈ ਪਰੇਸ਼ਾਨੀ ਲੈ ਕੇ ਬੈਠੇ ਹੁੰਦੇ ਹਾਂ। ਇਹ ਤਿੰਨੇ ਸਿੱਖ ਰਾਹ ਵਿੱਚ ਗੱਲਾਂ ਕਰਦੇ ਆ ਰਹੇ ਹਨ ਕਿ ਅੱਜ ਸਤਿਗੁਰੂ ਜੀ ਨੂੰ ਪੁੱਛਣਾ ਹੈ, ਪਰਮੇਸ਼ਰ ਦੇ ਵਿੱਚ ਅਭੇਦ ਕਿਵੇਂ ਹੋਈਏ ਜਿਸ ਨੂੰ ਪਾਉਣ ਲਈ ਜਨਮ ਲਿਆ ਹੈ, ਜਿਸ ਵਿੱਚ ਸਮਾਉਣ ਲਈ ਜਨਮ ਲਿਆ ਹੈ। ਗੁਰਬਾਣੀ ਵਿਚ ਆਉਂਦਾ ਹੈ :

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*(ਅੰਗ ੧੧੫੯)*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***

*(ਅੰਗ ੩੭੮)*

ਇਹ ਚੀਜ਼ਾਂ ਇੱਕ ਆਮ ਮਨੁੱਖ ਦੇ ਜੀਵਨ ਵਿੱਚ ਵੀ ਵਾਪਰਦੀਆਂ ਹਨ। ਰੋਜ਼ ਕੋਈ ਨਾ ਕੋਈ ਮਸਲਾ, ਰੋਜ਼ ਕੋਈ ਨਾ ਕੋਈ ਸਿਰਦਰਦੀ। ਕਿਸੇ ਦੇ ਪੰਦਰਾਂ ਕੰਮ ਸੰਵਾਰ ਦਿਓ, ਸੋਲਵਾਂ ਕੰਮ ਜੇ ਨਾ ਹੋਵੇ ਤੇ ਕੰਧਾਂ ਪੈ ਜਾਂਦੀਆਂ ਹਨ। ਘਰੇਲੂ ਮਾਹੌਲ ਵਿੱਚ, ਸਮਾਜਿਕ ਮਾਹੌਲ ਵਿੱਚ ਕਿਸੇ ਦੀਆਂ ਦਸ ਗੱਲਾਂ ਮੰਨ ਲਓ ਤੇ ਇੱਕ ਨਹੀਂ ਮੰਨੀ, ਪੈ ਗਿਆ ਕਲੇਸ਼। ਇਹ ਰਾਹ ਵਿੱਚ ਗੱਲਾਂ ਕਰਦੇ ਆ ਰਹੇ ਹਨ, ਇਸ ਤਰ੍ਹਾਂ ਹੀ ਜ਼ਿੰਦਗੀ ਬੀਤਦੀ ਜਾ ਰਹੀ ਹੈ। ਅੰਦਰ ਇਹ ਜਗਿਆਸਾ ਹੈ ਕਿ ਅੱਜ ਸਤਿਗੁਰੂ ਜੀ ਨੂੰ ਪੁੱਛਣਾ ਹੈ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਦੇ ਦਰਸ਼ਨ ਕੀਤੇ। ਕੀ ਬੇਨਤੀ ਕੀਤੀ?

***'ਹਮਕੋ ਇਸ ਬਿਧਿ ਪੰਥ ਬਤੱਯੈ।***
***ਬਿਸ਼ਨ ਰੂਪ ਮੈਂ ਇਕ ਹ੍ਵੈ ਜੱਯੈ ॥੬੦॥***

ਪੰਥ ਕਹਿੰਦੇ ਹਨ, ਰਾਹ ਨੂੰ। ਬਿਸ਼ਨ, ਪਰਮਾਤਮਾ ਨੂੰ। ਉਸ ਵਿੱਚ ਇੱਕ ਰੂਪ ਕਿਵੇਂ ਹੋ ਜਾਈਏ? ਮਹਾਰਾਜ ਜੀ, ਕੋਈ ਰਸਤਾ ਦੱਸੋ।

***ਸਹਿਜ ਸੁਖੇਨ ਮੋਖ ਸੋ ਪਾਵੈਂ।***
***ਕਠਨ ਕਰਮ ਜੇ, ਕੌਂਨ ਕਮਾਵੈ।'***

ਬੇਨਤੀ ਕੀਤੀ, ਮਹਾਰਾਜ ਜੀ, ਇੱਕ ਅਸੀਂ ਸਲਾਹ ਕੀਤੀ ਹੈ। ਉਸ ਵਿੱਚ ਅਭੇਦ ਹੋਣ ਦਾ ਕੋਈ ਸੌਖਾ ਰਾਹ ਹੈ ਤਾਂ ਵੀ ਤੁਹਾਡੀ ਕਿਰਪਾ ਨਾਲ ਚੱਲਾਂਗੇ ਤੇ ਜੇ ਤੁਸੀਂ ਕਹਿੰਦੇ ਹੋ ਕਿ ਕਠਨ ਹੈ ਤੇ ਤਾਂ ਵੀ ਚੱਲਣ ਦਾ ਯਤਨ ਕਰਾਂਗੇ। ਦੱਸੋ, ਕਿਵੇਂ ਕਰੀਏ, ਮਹਾਰਾਜ ਜੀ? ਫਿਰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਕੀ ਜਵਾਬ ਦਿੱਤਾ? ਤਿੰਨਾਂ ਸਿੱਖਾਂ ਨੂੰ ਮਹਾਰਾਜ ਜੀ ਕਹਿੰਦੇ, ਭਾਈ! ਜੇ ਉਸ ਪਰਮੇਸ਼ਰ ਦੀ ਪ੍ਰਾਪਤੀ ਕਰਨੀ ਚਾਹੁੰਦੇ ਹੋ, ਉਸ ਵਿੱਚ ਅਭੇਦ ਹੋਣਾ ਚਾਹੁੰਦੇ ਹੋ ਤੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਉਸ ਦੀ ਪ੍ਰਾਪਤੀ ਅਭਿਆਸ ਰੂਪੀ ਤਪ ਨਾਲ ਹੋਵੇਗੀ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਪੜ੍ਹਦੇ ਹਾਂ, ਸਾਡਾ ਜਿਹੜਾ ਅਭਿਆਸ ਰੂਪੀ ਤਪ ਹੈ, ਉਹ ਕਿਹੋ ਜਿਹਾ ਹੋਵੇ:

***ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥***

*(ਅੰਗ ੭੨੪)*

ਮਹਾਰਾਜ ਜੀ, ਥੱਕ ਗਏ ਹਾਂ, ਝਮੇਲਿਆਂ ਤੋਂ। ਕਿਵੇਂ ਉਸ ਵਿੱਚ ਅਭੇਦਤਾ ਹੋਵੇ, ਉਸ ਦਾ ਪਿਆਰ ਮਿਲੇ, ਲੀਨਤਾ ਹੋਵੇ, ਮਹਾਰਾਜ ਜੀ ਕਹਿਣ ਲੱਗੇ, ਅਭਿਆਸ ਰੂਪੀ ਤਪ ਨਾਲ ਪਰਮੇਸ਼ਰ ਦੀ ਪ੍ਰਾਪਤੀ ਹੋਵੇਗੀ।

***ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥***
***ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥***

*(ਅੰਗ ੭੨੪)*

ਇਨ੍ਹਾਂ ਨੇ ਅੱਗੋਂ ਆਖਿਆ, ਸਤਿਗੁਰੂ ਜੀ! ਸਾਨੂੰ ਤਪ ਬਾਰੇ ਚਾਨਣਾ ਪਾਓ। ਕਿਹੜਾ ਤਪ ਅਭਿਆਸ ਰੂਪੀ ਕਰੀਏ ਤੇ ਕਿਵੇਂ ਕਰੀਏ? ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ, ਤਪ ਤਿੰਨ ਤਰ੍ਹਾਂ ਦਾ ਹੈ? ਹੁਣ ਦੂਜਾ ਪ੍ਰਸ਼ਨ ਸ਼ੁਰੂ ਹੋ ਗਿਆ ਹੈ। ਪਹਿਲਾ ਪ੍ਰਸ਼ਨ, ਕੀ ਕਰੀਏ, ਝਮੇਲੇ ਨਹੀਂ ਮੁੱਕਦੇ। ਮਹਾਰਾਜ ਜੀ ਨੇ ਬਚਨ ਕੀਤਾ, ਅਭਿਆਸ ਰੂਪੀ ਤਪ ਨਾਲ ਪ੍ਰਾਪਤੀ ਹੋਵੇਗੀ। ਦੂਜਾ ਪ੍ਰਸ਼ਨ- ਅਭਿਆਸ ਰੂਪੀ ਤਪ ਕਿਵੇਂ ਕਰੀਏ? ਮਹਾਰਾਜ ਜੀ ਕਹਿਣ ਲੱਗੇ, ਤਪ ਦਾ ਚਾਨਣਾ ਇਹ ਹੈ ਕਿ ਤਪ ਤਿੰਨ ਤਰ੍ਹਾਂ ਦਾ ਹੈ। ਪਹਿਲਾ ਤਪ ਮਹਾਰਾਜ ਜੀ ਨੇ ਕੀ ਆਖਿਆ :

***ਸੁਨਿ ਕਰਿ ਸਤਿਗੁਰ ਬਚਨ ਬਖਾਨੇ।***
***'ਤ੍ਰੈ ਬਿਧਿ ਤਪ ਤਪਸੀ ਸਭਿ ਠਾਂਨੇ ॥੬੧॥***

ਤਿੰਨ ਤਰ੍ਹਾਂ ਦਾ ਤਪ ਹੈ। ਮਹਾਰਾਜ ਜੀ ਕਹਿਣ ਲੱਗੇ, ਪਹਿਲਾ ਤਪ ਹੈ- ਤਾਮਸੀ। ਦੂਜਾ- ਰਾਜਸੀ ਤੇ ਤੀਜਾ- ਸਾਤਕੀ ਤਪ। ਸ੍ਰੀ ਸੁਖਮਨੀ ਸਾਹਿਬ

ਵਿੱਚ ਵੀ ਇਹ ਇਸ਼ਾਰਾ ਪੜ੍ਹਦੇ ਹਾਂ :

***ਕਈ ਕੋਟਿ ਰਾਜਸ ਤਾਮਸ ਸਾਤਕ ॥***

*(ਅੰਗ ੨੭੬)*

ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਪਹਿਲਾ ਤਪ ਹੈ- ਤਾਮਸੀ ਤਪ। ਮਹਾਰਾਜ ਜੀ ਕਹਿਣ ਲੱਗੇ, ਇਸ ਦਾ ਵੇਰਵਾ ਵੀ ਦੱਸ ਦਿੰਦੇ ਹਾਂ। ਤੁਸੀਂ ਗ੍ਰਹਿਸਥੀ ਹੋ। ਤੁਹਾਨੂੰ ਇੰਨਾ ਕਠਿਨ ਤਪ ਕਰਨ ਦੀ ਲੋੜ ਨਹੀਂ। ਦੱਸਣਾ ਤਾਂ ਪੈਂਦਾ ਹੈ, ਕਈ ਕਰਦੇ ਹਨ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਜੇ ਨਾ ਦੱਸੀਏ, ਗੱਲ ਅਧੂਰੀ ਰਹਿ ਜਾਂਦੀ ਹੈ। ਮਹਾਰਾਜ ਜੀ ਨੇ ਪਹਿਲਾ ਤਪ ਦੱਸਿਆ, ਤਾਮਸੀ ਤਪ, ਨਗਨ ਰਹਿਣਾ। ਜਲ ਵਿੱਚ ਰਹਿਣਾ। ਇਸ ਢੰਗ ਨਾਲ ਤਪ। ਭੁੱਖੇ ਰਹਿ ਕੇ ਤਪ ਕਰਨਾ। ਚੌਥਾ ਆਖਿਆ, ਅਗਨੀ ਬਾਲ ਕੇ ਉਸ ਦੇ ਸੇਕ ਕੋਲ ਬੈਠਣਾ ਤੇ ਪੰਜਵਾਂ ਆਖਿਆ ਹੈ, ਅੱਖਾਂ ਸੂਰਜ ਵੱਲ ਕਰਕੇ ਬੈਠਣਾ। ਅੱਧ ਮਿੰਟ ਵੀ ਸੂਰਜ ਸਾਹਮਣੇ ਅੱਖਾਂ ਖੋਲ੍ਹ ਕੇ ਰੱਖਣੀਆਂ ਔਖੀਆਂ ਹਨ। ਬਿਨ੍ਹਾਂ ਝਪਕਾਏ ਅੱਖਾਂ ਖੋਲ੍ਹ ਕੇ ਸੂਰਜ ਵੱਲ ਵੇਖ ਕੇ ਤਪ ਕਰਨਾ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਤਾਂ ਸੁਣਾਇਆ ਹੈ, ਕਈ ਕਹਿੰਦੇ ਹਨ ਅਸੀਂ ਗ੍ਰਹਿਸਥੀ ਹਾਂ ਪਰ ਗ੍ਰਹਿਸਥੀ ਨੂੰ ਇੰਨਾ ਕਠਿਨ ਤਪ ਕਰਨ ਦੀ ਲੋੜ ਨਹੀਂ। ਸ੍ਰੀ ਨਾਨਕ ਪ੍ਰਕਾਸ਼ ਵਿੱਚ ਇਸ ਪਰਥਾਏ ਪੰਕਤੀਆਂ ਹਨ :

***ਨਗਨ, ਛੁਧਾ, ਜਲ, ਅਗਨ ਸੌਂ,***
***ਤਨ ਤਾਪਹਿੰ ਨਰ ਜੋਇ।***
***ਕਹੈਂ -ਤਾਮਸੀ ਤਪ- ਇਹੈ,***
***ਕਰਨ ਕਠਨ ਹੈ ਸੋਇ ॥੬੨॥***

ਇਹ ਕਠਿਨ ਹੈ। ਜਿਹੜੇ ਸਹਿਜ ਪਾਠ ਕਰਦੇ ਹਨ, ਸਹਿਜ ਪਾਠ ਕਰਦਿਆਂ ਬਾਬਾ ਫਰੀਦ ਜੀ ਦਾ ਇਸ਼ਾਰਾ ਸਾਹਮਣੇ ਆਉਂਦਾ ਹੈ :

***ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥***
***ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਾਲਿ ॥੧੯॥***

*(ਅੰਗ ੧੪੧੧)*

ਮਹਾਰਾਜ ਜੀ ਕਹਿਣ ਲੱਗੇ, ਇੱਕ ਤਾਂ ਅਜਿਹੇ ਤਪ ਨਾਲ ਰਿੱਧੀਆਂ-ਸਿੱਧੀਆਂ ਮਿਲਦੀਆਂ ਹਨ ਤੇ ਨਾਲ ਇੱਕ ਬੜੀ ਭੈੜੀ ਚੀਜ਼ ਇਹ ਹੈ ਕਿ ਕਈ ਵਾਰੀ ਬਹੁਤਿਆਂ ਨੂੰ ਤਾਮਸੀ ਤਪ ਨਾਲ ਹੰਕਾਰ ਨਾਲ ਆ ਜਾਂਦਾ ਹੈ, ਮਾਣ ਆ ਜਾਂਦਾ ਹੈ, ਹੰਕਾਰੀ ਹੋ ਜਾਂਦੇ ਹਨ, ਰਿੱਧੀਆਂ-ਸਿੱਧੀਆਂ ਫੁਰਨ ਲੱਗ ਪੈਂਦੀਆਂ ਹਨ। ਬਾਬਾ ਨੰਦ ਸਿੰਘ ਜੀ ਵਰਗਾ ਤਾਂ ਕੋਈ-ਕੋਈ ਲੱਭੇਗਾ। ਸ਼ਕਤੀਆਂ ਵੀ ਸਾਹਮਣੇ ਆ ਕੇ ਖੜ੍ਹੀਆਂ ਹੋ ਗਈਆਂ ਤਾਂ ਵੀ ਬਾਬਾ ਜੀ ਨਿਰਲੇਪ ਅਵਸਥਾ ਵਿੱਚ ਬੈਠੇ ਹਨ ਤੇ ਅੱਗੋਂ ਬਾਬਾ ਨੰਦ ਸਿੰਘ ਜੀ ਨੇ ਪੁੱਛਿਆ, ਤੁਸੀਂ ਕੌਣ ਹੋ? ਉਨ੍ਹਾਂ ਨੇ ਦੱਸਿਆ ਸੀ ਕਿ ਜਿਹੜੇ ਸ਼ਬਦ ਦਾ ਤੁਸੀਂ ਜਾਪ ਕਰ ਰਹੇ ਹੋ, ਉਸ ਨਾਲ ਸਾਨੂੰ ਹੁਕਮ ਹੋ ਜਾਂਦਾ ਹੈ। ਬਾਬਾ ਜੀ ਨੇ ਜਾਪ ਕੀਤਾ ਸੀ :

***ਜਾ ਕੈ ਵਸਿ ਖਾਨ ਸੁਲਤਾਨ ॥***
***ਜਾ ਕੈ ਵਸਿ ਹੈ ਸਗਲ ਜਹਾਨ ॥***

*(ਅੰਗ ੧੯੨)*

ਇਸ ਨਾਲ ਸਾਨੂੰ ਹੁਕਮ ਹੋ ਜਾਂਦਾ ਹੈ, ਦੱਸੋ, ਕੀ ਸੇਵਾ ਕਰੀਏ? ਬਾਬਾ ਜੀ ਕਹਿੰਦੇ, ਅਸੀਂ ਤਾਂ ਤੁਹਾਨੂੰ ਸੱਦਿਆ ਹੀ ਨਹੀਂ। ਕੱਲ੍ਹ ਆਉਣਾ। ਆਪਣੇ ਮੁਰਸ਼ਦ ਕੋਲ ਗਏ, ਬਾਬਾ ਮਹਾਂ ਹਰਨਾਮ ਸਿੰਘ ਜੀ ਕੋਲ ਕਿਉਂਕਿ ਇਸ ਸ਼ਬਦ ਦਾ ਜਾਪ ਕਰਨ ਲਈ ਬਾਬਾ ਮਹਾਂ ਹਰਨਾਮ ਸਿੰਘ ਜੀ ਨੇ ਹੀ ਹੁਕਮ ਲਾਇਆ ਸੀ। ਬਾਬਾ ਨੰਦ ਸਿੰਘ ਜੀ ਨੇ ਬਾਬਾ ਜੀ ਨੂੰ ਦੱਸਿਆ ਕਿ ਸ਼ਕਤੀਆਂ ਆ ਗਈਆਂ ਹਨ। ਬਾਬਾ ਮਹਾਂ ਹਰਨਾਮ ਸਿੰਘ ਜੀ ਕਹਿਣ ਲੱਗੇ, ਹੋਰ ਕੀ ਚਾਹੀਦਾ ਹੈ? ਬਾਬਾ ਜੀ ਕਹਿੰਦੇ, ਰਿੱਧੀਆਂ-ਸਿੱਧੀਆਂ, ਸ਼ਕਤੀਆਂ ਨਹੀਂ ਚਾਹੀਦੀਆਂ ਸਿਰਫ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਚਾਹੀਦੇ ਹਨ। ਇਹੋ ਜਿਹਾ ਕੋਈ-ਕੋਈ ਲੱਭੇਗਾ। ਇਹ ਬਾਰਡਰ ਕੋਈ ਕੋਈ ਟੱਪਦਾ ਹੈ ਕਿ ਰਿੱਧੀਆਂ-ਸਿੱਧੀਆਂ ਫੁਰਨ ਵੀ ਲੱਗ ਪੈਣ ਪਰ ਕਿਤੇ ਗਰੀਬੀ ਨਾ ਚਲੀ ਜਾਵੇ।

ਇੱਕ ਫਕੀਰ ਹੋਇਆ ਹੈ, ਸ਼ਾਹ ਦੌਲਾ ਫਕੀਰ। ਉਸ ਸਮੇਂ ਇੱਕ ਸਿੱਖ ਦਾ ਨਾਂ ਆਇਆ ਹੈ, ਭਾਈ ਗੜ੍ਹੀਆ ਜੀ। ਇਹ ਕਸ਼ਮੀਰ ਗਏ ਸੀ। ਸ਼ਾਹ ਦੌਲਾ ਫਕੀਰ ਨੇ ਦੇਖਿਆ ਕਿ ਸਿੱਖ ਦੀ ਚੱਪਲ ਵੀ ਟੁੱਟੀ ਹੈ। ਜਦੋਂ ਛੱਡਣ ਗਏ, ਵਾਪਸ। ਧੂੜ ਉੱਡੇ, ਕੱਚੀਆਂ ਜ਼ਮੀਨਾਂ। ਮਨ ਵਿੱਚ ਸੋਚਿਆ, ਸ਼ਾਹ ਦੌਲਾ ਫਕੀਰ ਨੇ ਕਿ ਸਿੱਖ ਨੂੰ ਕੋਈ ਰਿੱਧੀ-ਸਿੱਧੀ ਦੇ ਦੇਈਏ, ਕੋਈ ਸ਼ਕਤੀ ਦੇ ਦੇਈਏ। ਭਾਈ ਗੜ੍ਹੀਆ ਜੀ ਛੇਵੇਂ ਪਾਤਸ਼ਾਹ ਜੀ ਦੇ ਸਿੱਖ ਸਨ। ਭਾਈ ਗੜ੍ਹੀਆ ਜੀ ਨੇ ਅੰਦਰ ਦਾ ਫੁਰਨਾ ਪੜ੍ਹ ਲਿਆ। ਕਹਿਣ ਲੱਗੇ, ਸ਼ਾਹ ਦੌਲਾ ਜੀ, ਕੀ ਸੋਚ ਰਹੇ ਹੋ? ਜਿਹੜੀ ਸਾਡੀ ਟੁੱਟੀ ਜੁੱਤੀ ਵੱਲ ਵੇਖ ਰਹੇ ਹੋ, ਇੱਕ ਵਾਰੀ ਦੁਬਾਰਾ ਵੇਖੋ। ਜਦੋਂ ਵੇਖਿਆ ਤੇ ਕੀ ਨਜ਼ਰ ਆਇਆ, ਜਿੱਥੇ ਭਾਈ ਗੜ੍ਹੀਆ ਜੀ ਖੜ੍ਹੇ ਸਨ, ਓਨਾ ਟੋਟਾ ਧਰਤੀ ਦਾ ਸੋਨੇ ਦਾ ਹੈ। ਉਸ ਦੇ ਹੱਥ ਜੁੜ ਗਏ। ਸਿੱਖ ਕੋਲ ਇੰਨੀਆਂ ਸ਼ਕਤੀਆਂ ਤਾਂ ਵੀ ਸਾਦਗੀ। ਇਹ ਕੋਈ ਕੋਈ ਲੱਭੇਗਾ, ਭਾਈ ਗੜ੍ਹੀਏ ਜੀ ਵਰਗਾ, ਬਾਬਾ ਨੰਦ ਸਿੰਘ ਜੀ ਵਰਗਾ।

***ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ।***

***(ਵਾਰ ੧੨, ਪਉੜੀ ੪)***

ਦੂਜਾ ਤਪ ਹੈ, ਰਾਜਸੀ ਤਪ। ਉਹ ਕੀ ਹੈ? ਆਪਣੀਆਂ ਅੱਖਾਂ ਤੇ ਕੰਟਰੋਲ ਕਰਨਾ, ਪਰਾਈ ਇਸਤਰੀ ਨੂੰ ਗਲਤ ਫੁਰਨੇ ਨਾਲ ਵੇਖਣ ਦਾ। ਇਹ ਰਾਜਸੀ ਤਪ ਹੈ। ਬਹੁਤ ਦਿਲ ਕਰਨਾ, ਇਸ ਵੇਲੇ ਮੈਂ ਸਕੂਟਰ ਤੇ ਹਾਂ, ਘਰ ਪਹੁੰਚ ਕੇ ਇਸ ਬੰਦੇ ਨੂੰ ਥੋੜ੍ਹਾ ਗਰਮੀ ਨਾਲ ਫੋਨ ਕਰਨਾ ਹੈ। ਇਸ ਬੰਦੇ ਨੇ ਮੇਰੇ ਨਾਲ ਗਲਤ ਕੀਤਾ ਹੈ, ਇਸ ਨੂੰ ਸੁਣਾਉਣੀਆਂ ਹਨ, ਜਾਂਦਿਆਂ ਹੀ ਕਰਨਾ ਹੈ। ਰਾਜਸੀ ਤਪ ਹੈ, ਘਰ ਜਾਂਦਿਆਂ ਹੀ ਫਿਰ ਕੰਟਰੋਲ ਕਰਨਾ, ਚੱਲ ਸਵੇਰੇ ਕਰ ਲਵਾਂਗੇ। ਪਤਾ ਨਹੀਂ ਮਨ ਮੁੜ ਜਾਵੇ, ਮਨ ਠੰਡਾ ਹੋ ਜਾਵੇ। ਸਵੇਰੇ ਕਰ ਲਵਾਂਗੇ।

ਦਾਸ ਨਾਲ ਵੀ ਕਈ ਵਾਰੀ ਬੀਤਦੀ ਹੈ। ਕਈ ਵਾਰੀ ਹੁੰਦਾ ਹੈ ਕਿ ਇਸ ਨੂੰ ਚਾਰ ਗੱਲਾਂ ਸੁਣਾਉਣੀਆਂ ਹਨ। ਕਈ ਵਾਰ ਤਾਂ ਕੰਟਰੋਲ ਨਾ ਹੋਵੇ ਕਿ ਸਵੇਰੇ ਕਰ ਲਈਂ, ਫਿਰ ਗੁਰੂ ਸਾਹਿਬ ਦੇ ਚਰਨਾਂ ਵਿੱਚ ਇਹ ਬੇਨਤੀ ਕਰ ਲਈਦੀ ਹੈ, ਸੱਚੇ ਪਾਤਸ਼ਾਹ, ਕੰਟਰੋਲ ਨਹੀਂ ਹੋ ਰਿਹਾ, ਇਸ ਨੂੰ ਫੋਨ ਕਰਨਾ ਹੈ। ਹੁਣ ਮੈਂ ਫੋਨ ਕਰਨ ਲੱਗਾ ਹਾਂ। ਜੇ ਤਿੰਨ ਫੋਨ ਤੇ ਚੁੱਕ ਲਿਆ ਤੇ ਫਿਰ ਸਮਝਾਂਗਾ ਕਿ ਤੇਰਾ ਹੁਕਮ ਹੈ, ਪਰ ਜੇ ਚੌਥੀ ਪੰਜਵੀਂ ਬੈੱਲ ਵੱਜੀ, ਫਿਰ ਕੱਟ ਦਿਆਂਗਾ, ਫਿਰ ਗੱਲ ਨਹੀਂ ਕਰਨੀ। ਗੁਰੂ ਸਾਹਿਬ ਤਿੰਨ ਬੈੱਲਾਂ ਤੇ ਫਿਰ ਚੁਕਾਉਂਦੇ ਹੀ ਨਹੀਂ। ਨਿੱਕੇ-ਨਿੱਕੇ ਬੈਨ ਲਗਾ ਕੇ ਮਨ ਨੂੰ ਮੋੜਨਾ। ਪਰਾਏ ਰੂਪ ਵੱਲੋਂ ਮਨ ਨੂੰ ਮੋੜਨਾ, ਕਿਸੇ ਨੂੰ ਫਿੱਕਾ ਬੋਲਣ ਤੋਂ ਮਨ ਨੂੰ ਮੋੜਨਾ। ਜਿੰਨਾ ਟਾਈਮ ਲੰਘਦਾ ਹੈ, ਲੰਘਾ ਦੇ। ਕਈ ਵਾਰ ਇਨਸਾਨ ਦਾ ਬੜਾ ਦਿਲ ਕਰਦਾ ਹੈ, ਨਿੰਦਿਆ ਕਰਾਂ, ਬੜਾ ਦਿਲ ਕਰਦਾ ਹੈ, ਵਟਸਅਪ ਤੇ ਇਹ ਚੀਜ਼, ਫੈਸ਼ਨ ਵਾਲੀਆਂ ਚੀਜ਼ਾਂ ਵੇਖਾਂ ਜਾਂ ਕੁਝ ਭੇਜਾਂ ਜਿਸ ਨਾਲ ਫਲਾਣੇ ਦੀ ਨਿੰਦਾ ਹੋਵੇ, ਉਸ ਨੂੰ ਮੋੜਨਾ, ਰੋਕਣਾ ਇਹ ਰਾਜਸੀ ਤਪ ਹੈ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਬੜੇ ਪਿਆਰ ਨਾਲ ਇਨ੍ਹਾਂ ਸਿੱਖਾਂ ਨੂੰ ਸਮਝਾ ਰਹੇ ਹਨ:

***ਚੌਪਈ: ਸੁਨਿ ਸ੍ਰੀ ਮੁਖ ਸੋਂ ਬਚਨ ਉਚਾਰੇ।***

***'ਪਰਤਯਿ ਪਿਖਨ ਨੈਨ ਹਟਕਾਰੇ।***

ਪਰਾਏ ਰੂਪ ਤੋਂ ਨੈਣਾਂ ਨੂੰ ਹਟਾਵੇ। ਕੰਟਰੋਲ ਕਰੇ, ਮਨ ਨੂੰ।

***ਨਿੰਦਾ, ਨੁਤਿ ਨਹਿਂ ਸ਼੍ਰਵਨ ਸੁਨਾਵਹੁ।***

ਦਿਲ ਕਰਦਾ ਹੈ, ਨਿੰਦਾ ਕਰਾਂ ਜਾਂ ਸੁਣਾਂ। ਪਰ ਇਸ ਮਨ ਨੂੰ ਮੋੜੋ।

***ਕਰ ਚੋਰੀ ਜਾਰੀ ਨ ਲਗਾਵਹੁ ॥੬੬॥***

ਚੋਰੀ ਨਾ ਕਰੇ। ਮਹਾਰਾਜ ਜੀ, ਹੋਰ ਰਾਜਸੀ ਤਪ ਦੀਆਂ ਨਿਸ਼ਾਨੀਆਂ। ਮਹਾਰਾਜ ਜੀ ਕਹਿੰਦੇ, ਕੁਸੰਗਤ ਵਿੱਚ ਨਾ ਜਾਣਾ, ਖੋਟੇ ਕੰਮਾਂ ਵੱਲ ਮਨ ਨੂੰ

ਨਾ ਜਾਣ ਦੇਣਾ, ਸੰਤਾਂ ਮਹਾਂਪੁਰਖਾਂ ਦੇ ਦਰਸ਼ਨ ਕਰਨੇ, ਰਸਨਾ ਨਾਲ ਪਰਮੇਸ਼ਰ ਦੇ ਗੁਣ ਗਾਉਣੇ ਤੇ ਕੰਨਾਂ ਨਾਲ ਸੁਣਨੇ। ਇਹ ਰਾਜਸੀ ਤਪ ਹੈ।

ਤੀਜਾ ਹੈ- ਸਾਤਕੀ ਤਪ।

***ਮਨ ਰੋਕਤਿ ਨਹਿੰ ਆਲਸ ਕਰਿਹੀ।***
***ਮਨ ਕਰਿ ਸ਼੍ਰਮਤਿ, ਸ਼ਬਦ ਮਹਿੰ ਧਰਿਹੀ॥੭੦॥***

ਅੰਮ੍ਰਿਤ ਵੇਲੇ ਮਨ ਆਲਸ ਕਰਦਾ ਹੈ। ਧੱਕਾ ਦੇ ਕੇ ਤੋਰੀ ਜਾ ਰਹੇ ਹਾਂ। ਇੱਕ ਹੁੰਦਾ ਹੈ, ਰੱਬ ਨੇ ਬਹੁਤ ਕੁਝ ਦਿੱਤਾ ਹੈ, ਤਾਂ ਵੀ ਦਸਵੰਧ ਦਿੰਦਾ ਹੈ ਪਰ ਕਈ ਵਾਰ ਹੱਥ ਟਾਈਟ ਵੀ ਹੈ ਤੇ ਤਾਂ ਵੀ ਉਸ ਦਾ ਦਿਲ ਕਰਦਾ ਹੈ, ਮੈਂ ਗੁਰਸਿੱਖਾਂ ਦੀ ਸੇਵਾ ਕਰਾਂ। ਨਾ ਹੁੰਦਿਆਂ ਵੀ ਕਰਨਾ।

ਮਹਾਰਾਜ ਜੀ ਨੇ ਉਨ੍ਹਾਂ ਤਿੰਨਾਂ ਸਿੱਖਾਂ ਨੂੰ ਇੱਕ ਸਿੱਖ ਦੀ ਗੱਲ ਸੁਣਾਈ। ਮਹਾਰਾਜ ਜੀ ਕਹਿੰਦੇ, ਇੱਕ ਸਾਡਾ ਸਿੱਖ ਹੈ। ਅਸੀਂ ਉਸਦੇ ਘਰ ਗਏ ਪਰ ਉਨ੍ਹਾਂ ਨੇ ਨਹੀਂ ਪਛਾਣਿਆ ਕਿ ਬਾਬਾ ਜੀ ਹੀ ਹਨ।

***ਸਿੱਖ ਤਿਖਾਣ ਬਸਹਿ ਤਿਹ ਥਾਨਾ।***
***ਜਿਹ ਕੀ ਅਲਪ ਚਲਹਿ ਗੁਜ਼ਰਾਨਾ।***
***ਕਰੈ ਸੇਵ ਸਿੱਖਨ ਕੀ ਸੋਇ।***
***ਅਸਨ ਅਚਾਵਹਿ ਜੋ ਘਰ ਹੋਇ॥੫॥***

ਇਹੋ ਜਿਹੀ ਸਿੱਖ ਦੀ ਹਾਲਤ ਕਿ ਮਸਾਂ ਆਪਣੀ ਰੋਟੀ ਨਿਕਲਦੀ ਹੈ ਪਰ ਭਾਵੇਂ ਆਪ ਅੱਧਾ ਭੁੱਖਾ ਸੌਂ ਜਾਵੇ ਪਰ ਘਰ ਕੋਈ ਵੀ ਸਿੱਖ ਆ ਜਾਵੇ, ਉਸ ਨੂੰ ਕਦੀ ਖਾਲੀ ਨਹੀਂ ਸੀ ਮੋੜਦਾ, ਧਿਆਨ ਦੇਣਾ। ਸਮਰੱਥ ਨਾ ਹੁੰਦਿਆਂ ਵੀ ਸੇਵਾ ਦੇ, ਭਲੇ ਦੇ ਕਾਰਜ ਕਰਨੇ। ਇਹ ਹੈ ਸਾਤਕੀ ਤਪ।

ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਅੱਗੇ ਜ਼ਿਕਰ ਕੀਤਾ ਹੈ, ਸਿੱਖ ਦਾ ਇਹੋ ਜਿਹਾ ਸੁਭਾਅ ਕਿ ਕਈ ਵਾਰੀ ਰਾਤੀਂ ਰੋਟੀ ਖਾਂਦਾ ਸੀ ਤੇ ਸਵੇਰ ਦੀ ਨਹੀਂ ਸੀ ਹੁੰਦੀ। ਸਵੇਰ ਦੀ ਖਾਂਦਾ ਸੀ ਤੇ ਰਾਤ ਦੀ ਨਹੀਂ ਸੀ ਹੁੰਦੀ। ਜੇ ਕੋਈ ਘਰ ਸਿੱਖ ਆ ਜਾਵੇ, ਘਰ ਕੁਝ ਵੀ ਨਹੀਂ ਤੇ ਆਂਢ-ਗੁਆਂਢ ਵਿੱਚ, ਪਿੰਡ ਵਿੱਚੋਂ ਮੰਗਣ ਚਲੇ ਜਾਣਾ ਕਿ ਮੇਰੇ ਘਰ ਗੁਰੂ ਦਾ ਸਿੱਖ ਆਇਆ ਹੈ, ਖਾਲੀ ਨਾ ਜਾਵੇ, ਮੈਨੂੰ ਥੋੜ੍ਹਾ ਜਿਹਾ ਆਟਾ ਦੇ ਦਿਓ। ਇੱਥੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਇੱਕ ਵੇਰਵਾ ਦਿੱਤਾ ਹੈ। ਆਪਣੇ ਲਈ ਕਦੀ ਨਹੀਂ ਸੀ ਮੰਗਦਾ। ਇਹ ਨਹੀਂ ਆਪ ਰੋਟੀ ਖਾਣੀ ਤਾਂ ਮੰਗ ਲਿਆਣਾ ਪਰ ਗੁਰਸਿੱਖ ਦੀ ਸੇਵਾ ਲਈ ਕਦੀ-ਕਦੀ ਮੰਗਣ ਵੀ ਚਲੇ ਜਾਣਾ। ਧੰਨ ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ, ਇੱਕ ਵਾਰੀ ਅਸੀਂ ਉਸ ਦੇ ਘਰ ਚਲੇ ਗਏ। ਆਪਣੀ ਘਰ ਵਾਲੀ ਨੂੰ ਕਹਿੰਦਾ ਹੈ, ਪਰਸ਼ਾਦਾ ਪਕਾ। ਗੁਰਮੁਖ ਰੂਹਾਂ ਆਈਆਂ ਹਨ। ਸੰਤ ਰੂਹਾਂ ਆਈਆਂ ਹਨ। ਅੱਗੋਂ ਘਰਵਾਲੀ ਕਹਿੰਦੀ ਹੈ, ਇੱਕ ਚੂੰਢੀ ਵੀ ਘਰ ਕੋਈ ਚੀਜ਼ ਨਹੀਂ ਤੇ ਮੈਨੂੰ ਕਹਿੰਦੇ ਹੋ, ਖਾਣਾ ਤਿਆਰ ਕਰ। ਪਦਾਰਥ ਬਣਾ, ਗੁਰੂ ਕੇ ਸਿੱਖ ਆਏ ਹਨ। ਕਾਹਦੇ ਨਾਲ ਕਰਾਂ। ਆਪਣੀ ਘਰਵਾਲੀ ਨੂੰ ਉੱਚੀ ਸਾਰੀ ਬੋਲਿਆ, ਪਕਾ ਬਈ ਪਕਾ। ਗੁਰਸਿੱਖ ਆਏ ਹਨ।

***ਨਿਜ ਨਾਰੀ ਸੋਂ ਗਿਰਾ ਉਚਾਰੀ।***
***'ਤੂਰਨ ਕਰਹੁ ਅਹਾਰ ਤਯਾਰੀ'॥੮॥***

ਜਲਦੀ ਆਹਾਰ ਦੀ ਤਿਆਰੀ ਕਰ, ਪਦਾਰਥਾਂ ਦੀ ਤਿਆਰੀ ਕਰ। ਉਸ ਨੇ ਆਖਿਆ, ਘਰ ਤਾਂ ਕੁਝ ਵੀ ਨਹੀਂ। ਤੇ ਉਹ ਸਿੱਖ, ਉਸੇ ਤਰ੍ਹਾਂ ਚਲਾ ਗਿਆ। ਆਪਣੇ ਲਈ ਕਦੀ ਨਹੀਂ ਮੰਗਣਾ। ਘਰ ਆਇਆ ਗੁਰਸਿੱਖ ਖਾਲੀ ਨਾ ਜਾਵੇ, ਸੰਤ, ਮਹਾਤਮਾ। ਘਰੋਂ ਮੰਗਣ ਲਈ ਗਿਆ ਤੇ ਪਰਚਾ ਪੈ ਗਿਆ। ਉਨ੍ਹਾਂ ਆਖਿਆ, ਤੂੰ ਮੰਗਦਾ ਸਿੱਖਾਂ ਲਈ ਹੈਂ, ਖਾਂਦਾ ਆਪ ਹੈਂ। ਚਲਾ ਜਾ, ਅੱਜ ਨਹੀਂ ਮਿਲਣਾ। ਦੂਜੇ ਘਰ ਗਿਆ, ਪਰਚਾ ਪੈ ਗਿਆ। ਕੀ ਪਤਾ, ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਹੀ ਲੀਲਾ ਸੀ। ਅੱਜ ਨਹੀਂ ਤੈਨੂੰ ਦੇਣਾ। ਖਾਲੀ ਰਿਹਾ। ਸਾਤਕੀ ਤਪ ਹੈ। ਅਰਦਾਸਾਂ ਕਰਦਾ ਆ ਰਿਹਾ ਹੈ।

ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਿਰਪਾ ਕਰੋ। ਘਰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਆਏ ਪਰ ਪਛਾਣ ਨਹੀਂ ਸੀ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ, ਮੈਂ ਤੁਹਾਡਾ ਸਿੱਖ ਹਾਂ। ਘਰ ਗਰੀਬੀ ਬਹੁਤ ਹੈ। ਇਸ ਤਰ੍ਹਾਂ ਘਰ ਗੁਰਸਿੱਖ ਆਏ ਹਨ ਤੇ ਅੱਗੇ ਪਿੰਡ ਵਾਲਿਆਂ ਕੋਲੋਂ ਸਾਰ ਲੈਂਦਾ ਸਾਂ, ਕੋਈ ਖਾਲੀ ਨਾ ਜਾਵੇ। ਅੱਜ ਸਾਰੇ ਪਾਸੇ ਤੋਂ ਨਾਂਹ ਤੇ ਘਰ ਵੀ ਕੁਝ ਨਹੀਂ। ਅੱਜ ਖਾਲੀ ਜਾਣਗੇ। ਰੋ ਪਿਆ ਪਰ ਹਿੰਮਤ ਨਹੀਂ ਛੱਡੀ। ਇੰਨੇ ਨੂੰ ਕੀ ਵੇਖਦਾ ਹੈ ਕਿ ਇੱਕ ਸਰੀਰ ਢੋਲ ਵਜਾਉਂਦਾ ਆ ਰਿਹਾ ਹੈ ਤੇ ਬੋਲ ਕੀ ਰਿਹਾ ਹੈ? ਅੱਧੇ ਘੰਟੇ ਬਾਅਦ ਰਾਜੇ ਨੇ ਛਿੰਝ ਪੁਆਈ ਹੈ। ਛਿੰਝ ਦਾ ਮਤਲਬ ਕੁਸ਼ਤੀ। ਪੁਰਾਣੇ ਸਮੇਂ ਵਿੱਚ ਛਿੰਝ ਕਹਿੰਦੇ ਸਨ। ਰਾਜੇ ਨੇ ਅੱਧੇ ਘੰਟੇ ਬਾਅਦ ਛਿੰਝ ਪੁਆਈ ਹੈ ਕਿ ਫਲਾਣੇ ਪਹਿਲਵਾਨ ਨਾਲ ਜਿਹੜਾ ਲੜੇਗਾ, ਜੇ ਉਹ ਜਿੱਤ ਗਿਆ ਤੇ ਹਜ਼ਾਰ ਰੁਪਿਆ ਤੇ ਜੇ ਹਾਰ ਗਿਆ ਤੇ ਪੰਜ ਸੌ ਰੁਪਿਆ। ਬੜਾ ਤਕੜਾ ਪਹਿਲਵਾਨ ਸੀ। ਇਹ ਕਹਿੰਦਾ ਹੈ, ਗੱਲ ਬਣ ਗਈ। ਉਸ ਨਾਲ ਮੈਂ ਘੁਲਾਂਗਾ, ਜੇ ਹਾਰ ਗਿਆ ਤੇ ਤਾਂ ਵੀ ਪੰਜ ਸੌ ਮਿਲਣਾ ਹੀ ਹੈ। ਚਲਾ ਗਿਆ। ਉਹ ਜਿੱਥੇ ਛਿੰਝ ਸੀ, ਆ ਗਿਆ ਮੈਦਾਨ ਵਿੱਚ। ਹੈ ਤਕੜਾ ਪਹਿਲਵਾਨ ਸੀ। ਜਿਹੜਾ ਉਸ ਅੱਗੇ ਆ ਜਾਵੇ, ਉਸਨੂੰ ਚਕਨਾਚੂਰ ਕਰ ਦਿੰਦਾ ਸੀ। ਸਭ ਹੱਡੀਆਂ ਤੋੜ ਦਿੰਦਾ ਸੀ। ਐਵੇਂ ਨਹੀਂ ਸੀ ਪੰਜ ਸੌ ਮਿਲਣਾ। ਇਹ ਇਤਿਹਾਸਿਕ ਸਾਖੀ ਹੈ।

***ਚੌਪਈ : ਤਿਸ ਦਿਨ ਰਾਜੇ ਛਿੰਝ ਪਵਾਈ।***
***ਇਸ ਕੇ ਚਿਤ ਚਿੰਤਾ ਅਤਿ ਆਈ।***

ਇਸ ਦੇ ਚਿੱਤ ਵਿੱਚ ਆਇਆ ਕਿ ਇਸ ਤਰ੍ਹਾਂ ਕਰ ਲਈਏ। ਗੁਰੂ ਸਾਹਿਬ ਨੇ ਬਿੱਧ ਬਣਾ ਦਿੱਤੀ ਹੈ।

***ਸਹਸ ਰੁਪਯੇ ਜੀਤਹਿ ਲੇਵਹਿ।***

ਸਹਸ ਕਹਿੰਦੇ, ਹਜ਼ਾਰ ਨੂੰ।

***ਹਾਰਹਿ ਅਰਧ ਤਾਂਹਿ ਤੇ ਦੇਵਹਿ।***

ਜਿਹੜਾ ਹਾਰੇਗਾ, ਉਸ ਨੂੰ ਵੀ ਅੱਧੇ ਮਿਲਣਗੇ ਪਰ ਉਸ ਦੀਆਂ ਹੱਡੀਆਂ ਟੁੱਟੀਆਂ ਹੋਣਗੀਆਂ। ਬੜਾ ਤਕੜਾ ਬੰਦਾ ਸੀ। ਇਹ ਵਿੱਚ ਖਲ੍ਹੋ ਗਿਆ ਜਾ ਕੇ। ਕਹਿਣ ਲੱਗਾ, ਮੈਂ ਇਸ ਨਾਲ ਘੁਲਾਂਗਾ। ਜਿੰਨੇ ਉੱਥੋਂ ਦੇ ਸਾਰੇ ਲੋਕ ਸਨ, ਹੱਸ ਪਏ ਕਿ ਮਰਨ ਆਇਆ ਹੈਂ। ਹਾਰ ਕੇ ਪੰਜ ਸੌ ਤਾਂ ਲੈ ਲਵੇਗਾ ਪਰ ਤੇਰੇ ਇਲਾਜ ਉੱਤੇ ਹੀ ਕਿੰਨਾ ਲੱਗ ਜਾਣਾ ਹੈ। ਇਸ ਨੇ ਚਕਨਾਚੂਰ ਕਰ ਦੇਣਾ ਹੈ। ਰਾਜਾ ਵੀ ਹੱਸੇ। ਕਹਿਣ ਲੱਗਾ, ਮੈਂ ਤਾਂ ਲੜਾਂਗਾ। ਮੈਂ ਤਾਂ ਘੁਲਾਂਗਾ। ਜਦੋਂ ਕੁਸ਼ਤੀ ਸ਼ੁਰੂ ਹੋਣ ਲੱਗੀ, ਉਹ ਜਿਹੜਾ ਪਹਿਲਵਾਨ ਸੀ, ਉਸ ਨੇ ਇਸ ਦੇ ਕੰਨ ਵਿੱਚ ਪੁੱਛਿਆ, ਕਹਿਣ ਲੱਗਾ, ਕਿਉਂ ਮਰਨ ਆਇਆ ਹੈਂ? ਤੈਨੂੰ ਤਾਂ ਮੈਂ ਇੱਕ ਮਿੰਟ ਵਿੱਚ ਝਟਕਾ ਦੇਵਾਂਗਾ। ਸੱਚ ਦੱਸ, ਮੇਰੇ ਨਾਲ ਕਿਉਂ ਲੜਨ ਆਇਆ ਹੈਂ। ਕਹਿਣ ਲੱਗਾ, ਮੇਰੇ ਘਰ ਸੰਤ ਪ੍ਰਾਹੁਣੇ ਆਏ ਹਨ। ਮੈਂ ਉਨ੍ਹਾਂ ਦੀ ਸੇਵਾ ਕਰਨੀ ਹੈ। ਆ ਗਈ ਦਇਆ। ਵਰਤ ਗਏ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ। ਉਹ ਪਹਿਲਵਾਨ ਕਹਿੰਦਾ ਹੈ, ਇਸ ਦੇ ਕੰਨ ਵਿੱਚ। ਦੋ-ਤਿੰਨ ਵਾਰੀ ਤਾਂ ਮੈਂ ਤੈਨੂੰ ਸੁੱਟਾਂਗਾ, ਮਾੜਾ ਜਿਹਾ ਹੀ। ਤੂੰ ਵੀ ਪੂਰੇ ਜ਼ੋਰ ਨਾਲ ਲੜੀਂ। ਉਸ ਤੋਂ ਬਾਅਦ ਮੈਂ ਤੇਰੇ ਕੋਲੋਂ ਆਪਣੇ ਆਪ ਹੀ ਢਹਿ ਜਾਵਾਂਗਾ। ਤੂੰ ਫਿਰ ਪੰਜ ਸੌ ਨਹੀਂ, ਹਜ਼ਾਰ ਹੀ ਲੈ ਕੇ ਜਾਈਂ। ਪਹਿਲਵਾਨ ਦੇ ਹਿਰਦੇ ਵਿੱਚ ਵਰਤ ਗਏ ਗੁਰੂ ਸਾਹਿਬ। ਇਹ ਕਿਉਂ ਵਰਤੇ? ਸ੍ਰੀ ਨਾਨਕ ਪ੍ਰਕਾਸ਼ ਵਿੱਚ ਪੰਕਤੀਆਂ ਲਿਖੀਆਂ ਹਨ ਕਿ ਇਹ ਬੰਦਾ ਜਿਹੜਾ ਮੇਰੇ ਨਾਲ ਕੁਸ਼ਤੀ ਘੁਲਣ ਆਇਆ ਹੈ, ਇਹ ਆਪਣੇ ਲਾਲਚ ਕਰਕੇ ਨਹੀਂ ਆਇਆ ਕਿ ਪੈਸੇ ਮੈਂ ਜਿੱਤਾਂਗਾ। ਇਹ ਇਸ ਕਰਕੇ ਆਇਆ ਹੈ ਕਿ ਇਹ ਜਿੱਤੇ ਪੈਸੇ ਨਾਲ ਹੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ, ਤੁਹਾਡੇ ਗੁਰਸਿੱਖਾਂ ਦੀ ਸੇਵਾ ਹੋ ਸਕੇ। ਇਹ ਹੈ ਸਾਤਕੀ ਤਪ। ਸਰੀਰ ਬਹੁਤਾ ਸਾਥ ਨਹੀਂ ਦਿੰਦਾ, ਅੰਮ੍ਰਿਤ ਵੇਲਾ ਤਾਂ ਵੀ ਸੰਭਾਲਿਆ ਹੈ। ਮਾਇਆ ਦੀ ਸਮਰੱਥਾ ਬਹੁਤੀ ਸਾਥ ਨਹੀਂ ਦਿੰਦੀ

ਪਰ ਤਾਂ ਵੀ ਇਹ ਭਾਵਨਾ ਹੈ ਕਿ ਘਰ ਆਏ ਗੁਰਸਿੱਖਾਂ ਦੀ ਸੇਵਾ ਹੋ ਸਕੇ, ਇਹ ਸਾਤਕੀ ਤਪ ਹੈ।

ਸ੍ਰੀ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਦੋ-ਤਿੰਨ ਮਿੰਟ ਬਾਅਦ ਹੀ ਉਹ ਪਹਿਲਵਾਨ ਜਾਣ ਕੇ ਡਿੱਗ ਪਿਆ। ਸਾਰੇ ਹੈਰਾਨ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਇਹੋ ਜਿਹੀ ਕਿਰਪਾ ਹੋ ਗਈ ਕਿ ਇੰਨੀ ਦਇਆ ਵਰਤੀ ਉਹ ਪਹਿਲਵਾਨ ਆਪ ਹੀ ਢਹਿ ਗਿਆ ਹੈ। ਗੁਰੂ ਦਾ ਸਿੱਖ ਇਹ ਵਿਚਾਰ ਕਰਦਾ ਘਰ ਆਇਆ ਕਿ ਇਹ ਹਜ਼ਾਰ ਰੁਪਿਆ ਲੈ ਕੇ ਤੇ ਚੰਗੇ ਪਦਾਰਥ ਲੈ ਕੇ ਅੱਜ ਮੈਂ ਗੁਰਸਿੱਖਾਂ ਦੀ ਸੇਵਾ ਪੂਰੀ ਰੀਝ ਨਾਲ ਕਰਨੀ ਹੈ ਪਰ ਹੈ ਸੀ, ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਆਪ। ਘਰ ਆ ਕੇ ਇਸ ਨੇ ਸਭ ਤੋਂ ਪਹਿਲੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਚਰਨ ਧੋਤੇ। ਉਸ ਨੂੰ ਨਹੀਂ ਪਤਾ ਕਿ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਆਪ ਹਨ। ਚਰਨ ਧੋ ਕੇ ਜਦੋਂ ਜਲ ਪੀਤਾ ਤੇ ਜਲ ਪੀਂਦਿਆਂ ਹੀ ਇਸ ਨੂੰ ਬ੍ਰਹਮ ਗਿਆਨ ਹੋ ਗਿਆ। ਜਦੋਂ ਬ੍ਰਹਮ ਗਿਆਨ ਹੋ ਗਿਆ ਤੇ ਪਛਾਣ ਲਿਆ ਕਿ ਇਹ ਤਾਂ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਆਪ ਹਨ। ਇਹ ਮਹਾਰਾਜ ਜੀ ਨੇ ਆਪ ਜ਼ਿਕਰ ਸੁਣਾਇਆ। ਹੁਣ ਗੱਲ ਨੂੰ ਸਮਝਣਾ। ਇੱਕ ਹੈ ਕਰੋੜਾਂਪਤੀ, ਉਹ ਅਗਰ ਦਸ ਹਜ਼ਾਰ ਸੇਵਾ ਦੇ ਰਿਹਾ ਹੈ, ਗੱਲ ਹੋਰ ਹੈ। ਤੇ ਇੱਕ ਹੈ ਚੰਦ ਰੁਪਿਆਂ ਦਾ ਵਣਜਾਰਾ। ਜਦੋਂ ਉਸ ਦਾ ਵੀ ਦਿਲ ਕਰੇ, ਮੈਂ ਵੀ ਪੰਜ ਕਿਲੋ ਮਿੱਠੇ ਚਾਵਲ ਬਣਾ ਕੇ ਧੰਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਜਾ ਕੇ ਸੰਗਤਾਂ ਦੀ ਰਸਨਾ ਨੂੰ ਲਗਾਵਾਂ, ਇਹ ਸਾਤਕੀ ਤਪ ਹੈ। ਹਿੰਮਤ ਨਹੀਂ ਇੰਨੀ ਤਾਂ ਵੀ ਕਹੇ, ਭਾਵੇਂ ਬਿਸਤਰੇ ਤੇ ਬੈਠ ਕੇ ਹੀ ਅੰਮ੍ਰਿਤ ਵੇਲਾ ਸੰਭਾਲ ਲਵਾਂ ਪਰ ਉਹ ਸੰਭਾਲ ਲਵਾਂ ਜਿੰਨੇ ਮੇਰੇ ਸਵਾਸ ਹਨ, ਇਹ ਸਾਤਕੀ ਤਪ ਹੈ। ਇੱਕ ਹੈ, ਸਿਹਤ ਪੂਰਾ ਸਾਥ ਦੇ ਰਹੀ ਹੈ, ਅੰਮ੍ਰਿਤ ਵੇਲੇ ਉੱਠਿਆ ਨਹਾ ਧੋ ਕੇ ਜੁੜਿਆ। ਇਹ ਵੀ ਚੰਗੀ ਹੈ। ਸਾਤਕੀ ਤਪ ਹੈ ਕਿ ਕਈ ਚੀਜ਼ਾਂ ਇਜਾਜ਼ਤ ਨਹੀਂ ਦਿੰਦੀਆਂ ਪਰ ਤਾਂ ਵੀ ਉਸ ਦੇ ਪਿਆਰ ਨੂੰ ਅਖੀਰਲੇ ਸਵਾਸਾਂ ਤੱਕ ਛੱਡਦਾ ਨਹੀਂ।

ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਭਾਈ! ਹੁਣ ਤਿੰਨ ਤਰ੍ਹਾਂ ਦਾ ਤਪ ਦੱਸਿਆ ਹੈ, ਸ਼ਬਦ ਰੂਪ ਅਭਿਆਸ। ਭਾਵੇਂ ਰਾਜਸੀ ਕਰ ਲਓ, ਭਾਵੇਂ ਸਾਤਕੀ ਕਰ ਲਓ, ਇਸ ਵਿੱਚ ਡੱਟੇ ਰਹੋਗੇ ਤੇ ਤੁਹਾਡੀ ਵੀ ਪਰਮ ਜੋਤ ਵਿੱਚ ਆਤਮਾ ਲੀਨ ਹੋਵੇਗੀ। ਬਾਣੀ ਵਿੱਚ ਲਿਖਿਆ ਹੈ :

***ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥***
***ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥***

*(ਅੰਗ ੩੧)*

ਫਿਰ ਤੁਸੀਂ ਰਹਰਾਸਿ ਸਾਹਿਬ ਵਿੱਚ ਪੜ੍ਹਦੇ ਹੋ:

***ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥***

ਜਿਸ ਨੇ ਇਹ ਕਰਮ ਨਹੀਂ ਕਮਾਇਆ, ਕਮਾਈਆਂ ਨਹੀਂ ਕੀਤੀਆਂ।

***ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥***

*(ਅੰਗ ੩੭੮)*

***ਸੋ ਤਪਸੀ ਜਿਸੁ ਸਾਧਸੰਗੁ ॥***
***ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥***

*(ਅੰਗ ੧੧੮੦)*

ਜਿਸ ਨੂੰ ਸੰਗਤ ਵਿੱਚ ਆ ਕੇ ਰੰਗ ਲੱਗ ਗਿਆ, ਉਹ ਵੀ ਤਪੀਆ ਹੈ। ਜਿਸ ਦਾ ਧਿਆਨ ਗੁਰੂ ਸਾਹਿਬ ਦੇ ਚਰਨਾਂ ਵਿੱਚ ਪੱਕਾ ਹੋ ਗਿਆ, ਸਮਝ ਲਓ ਉਹ ਵੀ ਗੁਰੂ ਦੇ ਰੰਗ ਵਿੱਚ ਰੰਗਿਆ ਹੋਇਆ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਸੋਝੀ ਬਖਸ਼ੀ ਕਿ ਅਭਿਆਸ ਰੂਪੀ ਤਪ ਇਹ ਜ਼ਿੰਦਗੀ ਵਿੱਚ ਆ ਜਾਵੇ ਤੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ।

***



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

-ਭਾਈ ਅਮਰੀਕ ਸਿੰਘ ਗਨੈਸਕ

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਰੱਬ ਨੇ ਸ੍ਰਿਸ਼ਟੀ ਸਾਜੀ ਅਤੇ ਹਰ ਸੂਰਜ ਮੰਡਲ ਦੀ ਧਰਤੀ 'ਤੇ ਹੋਰ ਜੂਨਾਂ ਦੇ ਨਾਲ ਮਨੁੱਖ ਦੀ ਸਾਜਨਾ ਕੀਤੀ। ਮਨੁੱਖੀ ਇਤਿਹਾਸ ਵਿੱਚ ਪਰਉਪਕਾਰ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ, ਪਰ ਅਫਸੋਸ! ਮਨੁੱਖੀ ਇਤਿਹਾਸ ਐਸੇ-ਐਸੇ ਜ਼ਾਲਮਾਨਾਂ ਕਾਰਿਆਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਸਿਰ ਸ਼ਰਮ ਨਾਲ ਝੁਕ ਜਾਵੇ।

1947 ਵਿੱਚ ਦੇਸ਼ ਵਿੱਚੋਂ ਅੰਗਰੇਜ਼ਾਂ ਦਾ ਰਾਜ ਖਤਮ ਹੋਇਆ ਪਰ ਦੇਸ਼ ਵੰਡ ਦੇ ਨਾਲ-ਨਾਲ ਦੰਗੇ ਵੀ ਭੜਕ ਪਏ। ਧਰਮ ਅਤੇ ਸੰਪਰਦਾਵਾਂ ਇੱਕ ਚੰਗੇਰੇ ਜੀਵਨ ਲਈ ਹੁੰਦੀਆਂ ਹਨ ਪਰ ਨਫਰਤ ਸੁਆਰਥ ਅਤੇ ਅਗਿਆਨਤਾ ਧਰਮ ਦੇ ਨਾਂ ਤੇ ਕਤਲੋਗਾਰਤ ਤੱਕ ਦਾ ਕਾਰਨ ਹੋ ਨਿਬੜਦੀ ਹੈ।

ਕਹਿਣ ਨੂੰ ਮੁਸਲਮਾਨ ਤੇ ਹਿੰਦੂ ਸਿੱਖਾਂ ਨੂੰ ਅਤੇ ਹਿੰਦੂ ਤੇ ਸਿੱਖ ਮੁਸਲਮਾਨਾਂ ਨੂੰ ਮਾਰ ਰਹੇ ਸਨ ਪਰ ਲੁੱਟਾਂ-ਖੋਹਾਂ ਅਤੇ ਖੂਨ-ਖ਼ਰਾਬਾ ਕਰਨ ਵਾਲੇ ਨਾ ਹਿੰਦੂ ਸਨ, ਨਾ ਸਿੱਖ ਅਤੇ ਨਾ ਹੀ ਮੁਸਲਮਾਨ। ਜਿਸਦਾ ਆਚਾਰ-ਵਿਹਾਰ ਧਰਮ ਅਨੁਸਾਰ ਨਾ ਰਹੇ, ਉਹ ਧਰਮੀ ਨਹੀਂ ਹੁੰਦਾ।

ਇਨ੍ਹਾਂ ਦਿਨਾਂ ਵਿੱਚ ਬਾਬਾ ਜੀ ਅੱਠੇ ਪਹਿਰ ਨਿੱਜ ਸਰੂਪ ਵਿੱਚ ਲੀਨ ਰਹਿੰਦੇ। ਕੀਰਤਨ ਦੇ ਸਮੇਂ ਗੁਰਦੁਆਰਾ ਸਾਹਿਬ ਆਉਂਦੇ, ਬਾਕੀ ਸਮਾਂ ਭੋਰੇ ਵਿੱਚ ਹੀ ਰਹਿੰਦੇ। ਪਤਾ ਨਹੀਂ ਕਤਲੋਗਾਰਤ ਦੀ ਹਨ੍ਹੇਰੀ ਕਿੰਨੀ ਕੁ ਕਾਲਖ ਭਰੀ ਹੋਣ ਵਾਲੀ ਸੀ ਜਿਸ ਨੂੰ ਘੱਟ ਤੋਂ ਘੱਟ ਕਰਨ ਲਈ ਮਹਾਂਪੁਰਖ ਲਿਵਲੀਨ ਸਨ।

ਇਲਾਕੇ ਦੇ ਪਿੰਡਾਂ ਵਿੱਚੋਂ ਕੁਝ ਮਜ਼ਲੂਮ ਕਰਮਸਰ ਰਾੜਾ ਸਾਹਿਬ ਆ ਜਾਂਦੇ। ਉਨ੍ਹਾਂ ਨੂੰ ਹੌਸਲਾ ਅਤੇ ਸ਼ਰਨ ਦਿੱਤੀ ਜਾਂਦੀ। ਭਾਵੇਂ ਕਿ ਲੰਗਰ ਪਹਿਲਾਂ ਵੀ ਚੌਵੀ ਘੰਟੇ ਖੁੱਲ੍ਹਾ ਰਹਿੰਦਾ ਸੀ ਪਰ ਇਨ੍ਹਾਂ ਦਿਨਾਂ ਵਿੱਚ ਵਿਸ਼ੇਸ਼ ਤੌਰ ਤੇ ਅੱਠੇ ਪਹਿਰ ਪਰਸ਼ਾਦਾ ਪਾਣੀ ਵਰਤਦਾ ਸੀ।

ਇਹਨੀਂ ਦਿਨੀਂ ਏਅਰ ਮਾਰਸ਼ਲ ਅਰਜਨ ਸਿੰਘ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਉਹ ਕੁਝ ਜਵਾਨਾਂ ਦੀ ਡਿਊਟੀ ਲਾਉਣਾ ਚਾਹੁੰਦਾ ਹੈ ਤਾਂ ਕਿ ਹਿਫਾਜ਼ਤ ਰਹੇ। ਮਹਾਂਪੁਰਖਾਂ ਨੇ ਬਚਨ ਕੀਤਾ, "ਭਾਈ! ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰ ਹੈ। ਇੱਥੇ ਕੋਈ ਡਰ ਨਹੀਂ।"

ਅਰਜਨ ਸਿੰਘ ਨੇ ਫਿਰ ਵੀ ਬੇਨਤੀ ਕਰਕੇ ਕੁਝ ਜਵਾਨਾਂ ਦੀ ਡਿਊਟੀ ਸੇਵਾ ਵਿੱਚ ਲਾ ਦਿੱਤੀ।

ਜਿੱਥੇ ਇਲਾਕੇ ਵਿੱਚੋਂ ਮਜ਼ਲੂਮ ਆ ਕੇ ਸ਼ਰਨ ਲੈ ਰਹੇ ਸਨ, ਪਾਕਿਸਤਾਨ ਵਿੱਚੋਂ ਉਜੜ ਕੇ ਆਏ ਕੁਝ ਪਰਿਵਾਰ ਵੀ ਸ਼ਰਨਾਗਤ ਹੋਏ। ਕੁਝ ਸਮਾਂ ਇੱਥੇ ਰੁਕ ਕੇ ਆਪਣਾ ਕੋਈ ਟਿਕਾਣਾ ਦੇਖ ਕੇ ਚਲੇ ਜਾਂਦੇ। ਸਮੇਂ ਨੂੰ ਸੰਭਾਲਦੇ ਹੋਏ ਆਸੇ ਪਾਸੇ ਦੇ ਪਿੰਡਾਂ ਵਿੱਚੋਂ ਸ਼ਰਧਾਲੂ ਲੰਗਰ ਲਈ ਰਸਦ ਦੀ ਸੇਵਾ ਕਰਨ ਲੱਗੇ ਪਰ ਇਸ ਦੇ ਨਾਲ ਹੀ ਕੁਝ ਅਜਿਹਾ ਵੀ ਹੋਇਆ ਜੋ ਕਿ ਨਹੀਂ ਹੋਣਾ ਚਾਹੀਦਾ ਸੀ। ਕੁਝ ਲੋਕ ਘਰਾਂ ਵਿੱਚੋਂ ਲੁੱਟ ਦਾ ਰਾਸ਼ਨ ਲਿਆਉਣ ਲੱਗੇ। ਇੱਥੋਂ ਤੱਕ ਕਿ ਲਵੇਰੇ ਪਸ਼ੂ ਵੀ ਗੁਰਦੁਆਰਾ ਸਾਹਿਬ ਭੇਟ ਕਰਨ ਲਈ ਲੈ ਆਏ। ਮਹਾਂਪੁਰਖਾਂ ਨੇ ਇਹ ਲੁੱਟ ਦਾ ਮਾਲ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਲਿਆਉਣ ਦੀ ਆਗਿਆ ਨਹੀਂ ਦਿੱਤੀ। ਬਾਹਰ ਤੋਂ ਹੀ ਵਾਪਸ ਭੇਜ ਦਿੱਤਾ।

ਗੁਰੂ ਕੇ ਲੰਗਰ ਵਿੱਚ ਪ੍ਰੇਮੀ ਜਨ ਧਰਮ ਦੀ ਕਿਰਤ ਵਿੱਚੋਂ ਦਸਵੰਧ ਭੇਟ ਕਰਦੇ ਹਨ। ਅਜਿਹਾ ਅੰਨ ਛਕ ਕੇ ਮਨ ਭਜਨ ਵਿੱਚ ਜੁੜਦਾ ਹੈ। ਬੇਈਮਾਨੀ ਜਾਂ ਲੁੱਟ-ਖਸੁੱਟ ਦਾ ਅੰਨ ਅੰਤਸ਼ਕਰਣ ਨੂੰ ਮੈਲਾ ਕਰਦਾ ਹੈ। ਅਜਿਹਾ ਅੰਨ ਲੰਗਰ ਦੀ ਸੇਵਾ ਲਈ ਕਿਵੇਂ ਪਰਵਾਨ ਕੀਤਾ ਜਾ ਸਕਦਾ ਸੀ।

ਇੱਕ ਸ਼ਾਮ ਜਦ ਬਾਬਾ ਜੀ ਭੋਰੇ ਤੋਂ ਬਾਹਰ ਆ ਕੇ ਗੁਰਦੁਆਰਾ ਸਾਹਿਬ ਵੱਲ ਆਏ ਤਾਂ ਚਾਰ ਬੱਚੇ ਆ ਕੇ ਚਰਨਾਂ ਤੇ ਢਹਿ ਪਏ। ਬਾਬਾ ਜੀ ਨੇ ਉਨ੍ਹਾਂ ਨੂੰ ਉਠਾਇਆ ਅਤੇ ਰੋਣ ਦਾ ਕਾਰਣ ਪੁੱਛਿਆ।

ਉਨ੍ਹਾਂ ਵਿੱਚੋਂ ਵੱਡਾ ਬੱਚਾ ਜੋ ਨੌਂ-ਦਸ ਸਾਲ ਦਾ ਸੀ, ਨੇ ਰੋਂਦੇ-ਰੋਂਦੇ ਆਪਣੀ ਹੱਡ ਬੀਤੀ ਦੱਸੀ। ਇਹ ਚਾਰੇ ਬੱਚੇ ਭੈਣ-ਭਰਾ ਸਨ। ਵੱਡੇ ਦਾ ਨਾਂ ਸੀ-ਮੇਹਰਦੀਨ। ਉਸ ਤੋਂ ਛੋਟੇ ਦਾ ਨਾਂ ਕੁਤਬਾ ਸੀ ਜੋ ਸੱਤ-ਅੱਠ ਸਾਲ ਦਾ ਸੀ। ਸਭ ਤੋਂ ਛੋਟਾ ਲੜਕਾ ਜਿਸਨੂੰ ਕਾਕਾ ਕਹਿੰਦੇ ਸਨ, ਦੋ-ਤਿੰਨ ਕੁ ਸਾਲ ਦਾ ਹੀ ਸੀ। ਇਨ੍ਹਾਂ ਤਿੰਨਾਂ ਭਰਾਵਾਂ ਦੀ ਇੱਕੋ-ਇੱਕ ਭੈਣ ਸੀ-ਛੋਟੀ ਜਿਸਦੀ ਉਮਰ ਪੰਜ ਕੁ ਵਰ੍ਹਿਆਂ ਦੀ ਸੀ। ਇਹ ਚਾਰੇ ਬੱਚੇ ਪਿੰਡ ਲਹਿਲ ਵਿੱਚ ਮੋਚੀ ਦਾ ਕੰਮ ਕਰਨ ਵਾਲੇ ਫਤੇਦੀਨ ਦੇ ਸਨ। ਭਾਵੇਂ ਘਰ ਵਿੱਚ ਗਰੀਬੀ ਸੀ ਪਰ ਇੱਕ ਸਕੂਨ ਦੀ ਜ਼ਿੰਦਗੀ ਜਿਉਂ ਰਹੇ ਸਨ। ਦੁਨੀਆਂਦਾਰੀ ਦੇ ਝਮੇਲਿਆਂ ਤੋਂ ਦੂਰ ਅਣਭੋਲ ਬਚਪਨ ਸੀ। ਪਿੰਡ ਵਿੱਚ ਸਾਰੇ ਵੱਡੇ ਉਨ੍ਹਾਂ ਲਈ ਜਾਂ ਚਾਚੇ ਸਨ ਜਾਂ ਤਾਏ। ਕੋਈ ਬਾਬਾ ਸੀ ਕੋਈ ਬਾਈ ਸੀ। ਪਿੰਡ ਦੇ ਬੱਚਿਆਂ ਨਾਲ ਉਨ੍ਹਾਂ ਨੇ ਖੇਡਣਾ। ਸਭ ਕੁਝ ਬਹੁਤ ਸੋਹਣਾ ਸੀ, ਅਚਾਨਕ ਹੀ ਜਿਵੇਂ ਪਰਲੋ ਆ ਗਈ। ਪਿੰਡ ਦੇ ਮੁਸਲਮਾਨਾਂ ਨੂੰ ਫਸਾਦੀ ਆ ਪਏ। ਕਤਲੇਆਮ ਸ਼ੁਰੂ ਹੋ ਗਿਆ। ਚੀਖ ਪੁਕਾਰ ਮੱਚ ਗਈ। ਰਾਤ ਦੇ ਸਿਆਹਪਣ ਨੂੰ ਖੂਨ ਨੇ ਸੂਹਾ ਕਰ ਦਿੱਤਾ। ਜੋ ਨੱਠ ਸਕਿਆ, ਉਹੀ ਬਚਿਆ।

ਹਾਲ ਦੁਹਾਈ ਸੁਣ ਕੇ ਫਤੇਦੀਨ, ਉਸਦੇ ਘਰਵਾਲੀ ਜੀਵੀ ਅਤੇ ਚਾਰੇ ਬੱਚੇ ਘਬਰਾ ਗਏ। ਬਹੁਤਾ ਸਮਾਂ ਨਾ ਲੱਗਿਆ, ਉਨ੍ਹਾਂ ਦੇ ਘਰ ਤੇ ਵੀ ਹੱਲਾ ਹੋ ਗਿਆ। ਬੱਚਿਆਂ ਦੇ ਸਾਹਮਣੇ ਹੀ ਮਾਪਿਆਂ ਨੂੰ ਕਤਲ ਕਰ ਦਿੱਤਾ ਗਿਆ। ਮੇਹਰਦੀਨ ਨੇ ਕਾਕੇ ਨੂੰ ਕੁੱਛੜ ਚੁੱਕਿਆ ਅਤੇ ਭੱਜ ਤੁਰਿਆ। ਕੁਤਬਾ ਅਤੇ ਛੋਟੀ ਵੀ ਉਸ ਮਗਰ ਭੱਜੇ। ਪਿੰਡੋਂ ਬਾਹਰ ਖੇਤਾਂ ਵਿੱਚ ਪਹੁੰਚ ਕੇ ਕਮਾਦ ਵਿੱਚ ਲੁੱਕ ਕੇ ਬੈਠ ਗਏ। ਰਾਤ ਇਵੇਂ ਲੰਘੀ। ਦਿਨੇਂ ਵੀ ਬਾਹਰ ਨਿਕਲਣ ਦੀ ਹਿੰਮਤ ਨਾ ਪਈ। ਸਾਰਾ ਦਿਨ ਭੁੱਖੇ-ਤ੍ਰਿਹਾਏ ਬੈਠੇ ਰਹੇ। ਸਮਝ ਨਹੀਂ ਸੀ ਆ ਰਹੀ ਕਿ ਕਿੱਥੇ ਜਾਣ। ਸ਼ਾਮ ਨੂੰ ਡਰਦੇ-ਡਰਦੇ ਕਮਾਦ ਵਿੱਚੋਂ ਨਿਕਲੇ। ਮਨ ਵਿੱਚ ਇੱਕ ਆਸ ਸੀ ਕਿ ਕਰਮਸਰ ਆਸਰਾ ਮਿਲ ਜਾਵੇਗਾ। ਕਿਸੇ ਤਰ੍ਹਾਂ ਕਰਮਸਰ ਰਾੜਾ ਸਾਹਿਬ ਆ ਪਹੁੰਚੇ ਪਰ ਗੇਟ ਦੇ ਬਾਹਰ ਖੜ੍ਹੇ ਰੋਂਦੇ ਰਹੇ। ਅੰਦਰ ਜਾਣ ਤੋਂ ਝਿਜਕ ਰਹੇ ਸਨ। ਕਿਸੇ ਭਲੇ-ਮਾਣਸ ਨੇ ਉਨ੍ਹਾਂ ਨੂੰ ਹੌਸਲਾ ਦੇ ਕੇ ਅੰਦਰ ਭੇਜ ਦਿੱਤਾ।

ਮੇਹਰਦੀਨ ਨੇ ਸਾਰੀ ਵਾਰਤਾ ਦੱਸੀ ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਹੌਸਲਾ ਦਿੰਦਿਆਂ ਬਚਨ ਕੀਤਾ, “ਬੱਚਿਓ! ਰੋਵੋ ਨਾ। ਡਰੋ ਨਾ। ਹੁਣ ਮਰਨ ਦਾ ਭੈ ਨਾ ਕਰੋ। ਇੱਥੇ ਤਾਂ ਧਰਮਰਾਜ ਦੇ ਦੂਤ ਵੀ ਨਹੀਂ ਆ ਸਕਦੇ। ਬਿਲਕੁਲ ਨਾ ਘਬਰਾਓ। ਇੱਥੇ ਤੁਹਾਨੂੰ ਕੋਈ ਕੁਝ ਨਹੀਂ ਕਹਿੰਦਾ।”

ਬੱਚਿਆਂ ਨੂੰ ਹੌਂਸਲਾ ਹੋ ਗਿਆ। ਬਾਬਾ ਜੀ ਨੇ ਬਾਬਾ ਬਚਨ ਸਿੰਘ ਜੋ ਪਸ਼ੂਆਂ ਦੀ ਸੰਭਾਲ ਦੀ ਸੇਵਾ ਕਰਦੇ ਸਨ, ਨੂੰ ਬੁਲਾ ਕੇ ਇਨ੍ਹਾਂ ਬੱਚਿਆਂ ਦੀ ਜ਼ਿੰਮੇਵਾਰੀ ਦੇ ਦਿੱਤੀ। ਬਾਬਾ ਬਚਨ ਸਿੰਘ ਜੀ ਨੇ ਬੱਚਿਆਂ ਦੀ ਪੂਰੀ ਸੰਭਾਲ ਕੀਤੀ ਅਤੇ ਮਾਪਿਆਂ ਵਾਲਾ ਪਿਆਰ ਦਿੱਤਾ।

ਕੁਝ ਦਿਨਾਂ ਬਾਅਦ ਬਾਬਾ ਜੀ ਨੇ ਫਸਾਦਾਂ ਵਿੱਚੋਂ ਜਾਨ ਬਚਾਅ ਕੇ ਆਏ ਹੋਏ ਮੁਸਲਮਾਨਾਂ ਨਾਲ ਸਿੰਘ ਭੇਜ ਕੇ ਉਨ੍ਹਾਂ ਨੂੰ ਸੁਰੱਖਿਅਤ ਮਲੇਰਕੋਟਲੇ ਪਹੁੰਚਾ ਦਿੱਤਾ। ਮਲੇਰਕੋਟਲਾ ਰਿਆਸਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਵਾਬ ਸ਼ੇਰ ਮੁਹੰਮਦ ਵੱਲੋਂ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਹਾਅ ਦਾ

*—ਬਾਕੀ ਹਿੱਸਾ ਪੰਨਾ 35 'ਤੇ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

510 ਨਿਮਰਤਾ ਦਾ ਗਹਿਣਾ ਅਉਖੀ ਘੜੀ, ਇਮਤਿਹਾਨ ਤੇ ਖਰਚਿਆਂ ਤੋਂ ਬਚਾ ਲੈਂਦਾ ਹੈ, ਪਰ ਕੋਈ ਵਿਰਲਾ ਹੀ ਇਸ ਗਹਿਣੇ ਨੂੰ ਸੰਭਾਲਦਾ ਹੈ।

511 ਦੁਨਿਆਵੀ ਭਉ ਦੇ ਸਾਗਰ ਤੋਂ ਬਚਣ ਲਈ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਸਿਫਤਿ ਸਾਲਾਹ ਦੇ ਜਹਾਜ਼ ਵਿੱਚ ਬੈਠਣਾ ਹੀ ਪੈਣਾ ਹੈ।

512 ਆਪਣੇ ਮਨ ਅੰਦਰ ਇੱਕ ਖਾਨਾ ਰੱਖਿਆ ਕਰੋ, ਭਾਵੇਂ ਮਨਾ ਤੇਰਾ ਦਸ ਕਰੋੜ ਦਾ ਮਕਾਨ ਹੈ ਪਰ ਇੱਕ ਦਿਨ ਜਾਂ ਮਕਾਨ ਨੇ ਮੈਨੂੰ ਛੱਡ ਦੇਣਾ ਹੈ ਜਾਂ ਮੈਂ ਮਕਾਨ ਨੂੰ ਛੱਡ ਦੇਣਾ ਹੈ। ਛੱਡਣਾ ਦੋਵਾਂ ਵਿੱਚੋਂ ਇੱਕ ਨੇ ਜ਼ਰੂਰ ਹੈ।

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਉਨ੍ਹੀਵਾਂ ਭਾਗ- ਧੰਨ ਧੰਨ ਬੀਬੀ ਅਮਰੋ ਜੀ

## ਉਹ ਕਿਹੜੇ ਬੀਬੀ ਜੀ ਸਨ ਜਿਨ੍ਹਾਂ ਨੇ ਧੰਨ ਗੁਰੂ ਅਮਰਦਾਸ ਜੀ ਦਾ ਦੂਜੇ ਪਾਤਸ਼ਾਹ ਜੀ ਨਾਲ ਮਿਲਾਪ ਕਰਵਾਇਆ?

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਉਨ੍ਹੀਵਾਂ ਭਾਗ- ਧੰਨ ਧੰਨ ਬੀਬੀ ਅਮਰੋ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਆਓ! ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਸਾਰੇ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ। ਇਸ ਵਾਰ ਉਨ੍ਹੀਵੇਂ ਭਾਗ ਦੀ ਵਾਰੀ ਹੈ।

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ

ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਉਨ੍ਹੀਵੇਂ ਭਾਗ ਵਿੱਚ ਕਿਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸਪੁੱਤਰੀ :

### *ਧੰਨ ਧੰਨ ਬੀਬੀ ਅਮਰੋ ਜੀ।*

ਗੁਰੂ ਸਾਹਿਬ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ। ਇੱਕ ਵਾਰ ਪੰਕਤੀਆਂ ਪੜ੍ਹੋ ਤੇ ਫਿਰ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਬੱਚੀ, ਬੀਬੀ ਅਮਰੋ ਜੀ ਦੇ ਜੀਵਨ ਵਿੱਚੋਂ ਕੁਝ ਝਲਕੀਆਂ ਤੇ ਗੁਰੂ ਸਾਹਿਬ ਸੇਵਾ ਲੈਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***

*(ਅੰਗ ੪੭੩)*

ਬੀਬੀ ਅਮਰੋ ਜੀ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸਪੁੱਤਰੀ। ਇਨ੍ਹਾਂ ਦਾ ਜਨਮ ਖਡੂਰ ਸਾਹਿਬ ਵਿਖੇ ਹੋਇਆ। ਇਨ੍ਹਾ ਦੇ ਦੋ ਭਰਾ ਤੇ ਇੱਕ ਭੈਣ। ਭਾਵ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੋ ਸਪੁੱਤਰ ਤੇ ਦੋ ਸਪੁੱਤਰੀਆਂ। ਸਪੁੱਤਰ- ਦਾਸੂ ਜੀ ਤੇ ਦਾਤੂ ਜੀ। ਸਪੁੱਤਰੀਆਂ- ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ। ਬੀਬੀ ਅਮਰੋ ਜੀ ਦੂਜੇ ਨੰਬਰ ਤੇ ਹੋਏ ਹਨ। ਇਨ੍ਹਾਂ ਦੇ ਵੱਡੇ ਭਰਾ ਹਨ, ਦਾਤੂ ਜੀ। ਦੋ ਨੰਬਰ ਤੇ ਹਨ, ਬੀਬੀ ਅਮਰੋ ਜੀ। ਫਿਰ ਤੀਜੇ ਨੰਬਰ ਤੇ ਭੈਣ ਅਨੋਖੀ ਜੀ ਤੇ ਚੌਥੇ ਤੇ ਦਾਸੂ ਜੀ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਨਾਲ ਜੁੜਨ ਤੋਂ ਬਾਅਦ ਦੂਜੇ ਪਾਤਸ਼ਾਹ ਜੀ ਦੇ ਪਰਿਵਾਰ 'ਚੋਂ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਮਹਿਲ ਧੰਨ ਮਾਤਾ ਖੀਵੀ ਜੀ ਗੁਰੂ ਪਿਆਰ ਵਿੱਚ ਰੰਗੇ ਗਏ ਤੇ ਫਿਰ ਲਿਖਿਆ ਹੈ, ਅੱਗੋਂ ਔਲਾਦ ਵੀ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਰੰਗ ਵਿੱਚ ਰੰਗੀ ਗਈ, ਧੰਨ ਬੀਬੀ ਅਮਰੋ ਜੀ। ਸੱਤ-ਅੱਠ ਰਾਈਟਰਾਂ ਨੇ ਇਹ ਗੱਲ ਲਿਖੀ ਹੈ ਕਿ ਜਿਸ ਗੱਲ ਨੂੰ ਪੜ੍ਹ ਕੇ ਨਾਮ ਵਿੱਚ ਮਨ ਜੁੜਦਾ ਹੈ। ਸੰਗਤ ਜੀ ਧਿਆਨ ਦੇਣਾ। ਬੀਬੀ ਅਮਰੋ ਜੀ ਦਾ ਜਿਹੜਾ ਅਭਿਆਸ, ਅਵਸਥਾ ਸੀ, ਦਾਸ ਬੋਲਣ ਲੱਗਾ ਹੈ, ਉਨ੍ਹਾਂ ਦੇ ਅੰਦਰ ਭਗਤੀ ਦਾ ਸਰੀਰ ਵਿੱਚ ਇਹੋ ਜਿਹਾ ਨਿਵਾਸ ਸੀ, ਬੀਬੀ ਅਮਰੋ ਜੀ ਦੇ ਅੰਦਰ ਭਗਤੀ ਦਾ ਇਹੋ ਜਿਹਾ ਨਿਵਾਸ ਸੀ ਕਿ ਜਿਹੜਾ ਬੀਬੀ ਅਮਰੋ ਜੀ ਵੱਲ ਵੇਖ ਵੀ ਲੈਂਦਾ ਸੀ ਤੇ ਉਨ੍ਹਾਂ ਦੇ ਸਰੀਰ ਵਿੱਚੋਂ ਭਗਤੀ ਦੇ ਦਰਸ਼ਨ ਹੁੰਦੇ ਸੀ। ਬੜੀ ਪਿਆਰੀ ਗੱਲ ਹੈ। ਭਗਤੀ ਇੰਨੀ ਸਰੀਰ ਵਿੱਚ ਨਿਵਾਸ ਕਰ ਗਈ ਸੀ ਤੇ ਉਨ੍ਹਾਂ ਨੂੰ ਕੋਈ ਵੇਖਦਾ ਸੀ ਤੇ ਪ੍ਰਤੱਖ ਭਗਤੀ ਦੇ ਦਰਸ਼ਨ ਹੁੰਦੇ ਸੀ। ਸਾਹਮਣੇ ਦਰਸ਼ਨ ਕਰਨ ਵਾਲੇ ਦਾ ਵੀ ਨਾਮ ਚੱਲ ਪੈਂਦਾ ਸੀ। ਇਹ ਕੋਈ-ਕੋਈ ਬਰੀਕੀ ਸਮਝ ਸਕੇਗਾ। ਗੱਲ ਖੁੱਲ੍ਹ ਜਾਵੇ, ਜਿਨ੍ਹਾਂ ਨੇ ਤੁਹਾਡੇ ਵਿੱਚੋਂ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲਿਆਂ ਦੇ ਦਰਸ਼ਨ ਕੀਤੇ, ਉਨ੍ਹਾਂ ਨੂੰ ਵੀ ਇਹ ਚੀਜ਼ ਨਜ਼ਰ ਆਈ ਹੋਵੇਗੀ ਕਿ ਬਾਬਾ ਕੁੰਦਨ ਸਿੰਘ ਜੀ ਜਦੋਂ ਸਾਹਮਣੇ ਆਉਂਦੇ ਸੀ, ਉਨ੍ਹਾਂ ਵਿੱਚੋਂ ਵੀ ਭਗਤੀ ਦੇ ਦਰਸ਼ਨ ਹੁੰਦੇ ਸੀ। ਇਹ ਭਾਈ ਅਮਰੀਕ ਸਿੰਘ ਗਨੈਸਕ, ਬਾਬਾ ਗੁਰਮੁਖ ਸਿੰਘ ਜੀ, ਕੁਝ ਹੋਰ ਰਾਈਟਰਾਂ ਨੇ ਬਾਬਾ ਨੰਦ ਸਿੰਘ ਜੀ ਦਾ ਇਤਿਹਾਸ ਲਿਖਿਆ ਹੈ ਕਿ ਉਨ੍ਹਾਂ ਦੀ ਇੰਨੀ ਭਗਤੀ ਸੀ ਕਿ ਬਾਬਾ ਨੰਦ ਸਿੰਘ ਜੀ ਨਾਲ ਕੋਈ ਅੱਖ ਨਾਲ ਅੱਖ

ਮਿਲਾ ਕੇ ਵੇਖ ਨਹੀਂ ਸੀ ਸਕਦਾ। ਇੰਨੀ ਸ਼ੇਰ ਅੱਖ ਸੀ। ਇਹ ਚੀਜ਼ਾਂ ਸੁਣ ਕੇ ਦਾਸ ਦੀ ਬੇਨਤੀ ਹੈ ਕਿ ਜਾਂ ਅਰਦਾਸ ਕਰਿਓ ਕਰੋ ਸਾਡੇ ਸਭਨਾਂ ਤੇ ਵੀ ਬੀਬੀ ਅਮਰੋ ਜੀ ਦੀ ਕਿਰਪਾ ਹੋ ਜਾਵੇ।

ਪਹਿਲੀ ਗੱਲ ਇਹ ਲਿਖੀ ਹੈ ਕਿ ਭਗਤੀ ਦਾ ਸਰੀਰ ਵਿੱਚ ਇਹੋ ਜਿਹਾ ਨਿਵਾਸ ਸੀ ਤੇ ਕੋਈ ਦੇਖਦਾ ਸੀ, ਪ੍ਰਤੱਖ ਅੱਖਾਂ ਵਿੱਚੋਂ, ਚਿਹਰੇ ਵਿੱਚੋਂ ਭਗਤੀ ਦੇ ਦਰਸ਼ਨ ਹੁੰਦੇ ਸੀ। ਦੂਜਾ ਲਿਖਿਆ ਹੈ, ਇਤਿਹਾਸਕਾਰਾਂ ਨੇ, ਬੀਬੀ ਅਮਰੋ ਜੀ, ਭਗਤੀ ਵਿੱਚ ਇੰਨੇ ਰੰਗੇ ਹੋਏ ਸਨ ਕਿ ਭਗਤੀ ਉਨ੍ਹਾਂ ਦੇ ਰੋਮ-ਰੋਮ ਵਿੱਚ ਵਸੀ ਹੋਈ ਸੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਇਤਿਹਾਸਿਕ ਗ੍ਰੰਥ, ਉਸ ਵਿੱਚ ਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਬੀਬੀ ਅਮਰੋ ਜੀ, ਉਨ੍ਹਾਂ ਦੀ ਇਸ ਤਰ੍ਹਾਂ ਦੀ ਭਗਤੀ ਸੀ ਕਿ ਜਿਵੇਂ ਭਗਤੀ ਨੇ ਬੀਬੀ ਅਮਰੋ ਜੀ ਦਾ ਸਰੂਪ ਧਾਰ ਕੇ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਜਨਮ ਲੈ ਲਿਆ ਹੋਵੇ। ਇਹ ਤੁਹਾਡੇ ਵਿੱਚੋਂ ਕੋਈ ਕਹੇ, ਗੁਰਇਕਬਾਲ ਸਿੰਘ ਆਪਣੇ ਕੋਲੋਂ ਕਹਿ ਰਿਹਾ ਹੈ ਨਹੀਂ, ਇਹ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਪੰਕਤੀਆਂ ਹਨ ਕਿ ਆਪਣੇ ਪਿਤਾ ਜੀ ਦੇ ਘਰ ਬੀਬੀ ਅਮਰੋ ਜੀ ਭਗਤੀ ਦਾ ਰੂਪ ਧਾਰ ਕੇ ਆਏ ਸੀ :

***ਭਗਤਿ ਧਾਰ ਬਪੁ ਆਪਨੋ ਉਪਜੀ ਸਤਿਗੁਰ ਧਾਮ ॥੧॥***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧)***

ਧਾਮ ਕਹਿੰਦੇ ਹਨ, ਘਰ ਨੂੰ। ਜਿਵੇਂ ਸਤਿਗੁਰੂ ਜੀ ਦੇ ਘਰ ਭਗਤੀ ਦਾ ਜਨਮ ਧਾਰ ਕੇ ਬੀਬੀ ਅਮਰੋ ਜੀ ਉਤਰ ਆਏ ਹੋਣ।

ਦਾਸ ਬੇਨਤੀ ਕਰਦਾ ਹੈ ਕਿ ਪੱਥਰ ਵਾਲਾ ਸਤਿਸੰਗ ਨਾ ਕਰਨਾ। ਕਈ ਵਾਰ ਇੱਥੇ ਬੈਠ ਕੇ ਮਨ ਫੈਸਲਾ ਲੈ ਲੈਂਦਾ ਹੈ ਕਿ ਹੁਣ ਘਰ ਜਾਂਦਿਆਂ ਸਿਮਰਨ ਛੱਡਣਾ ਨਹੀਂ। ਰੋਟੀ ਪਕਾਉਂਦਿਆਂ, ਖਾਂਦਿਆਂ, ਰਾਤ ਨੂੰ ਵੀ ਸਿਮਰਨ ਛੱਡਣਾ ਨਹੀਂ, ਸਵੇਰੇ ਫਿਰ ਇਸ ਤਰ੍ਹਾਂ ਹੀ ਸਿਮਰਨ ਛੱਡਣਾ ਨਹੀਂ। ਹੁਣ ਭਗਤੀ ਮੈਂ ਵੀ ਅਪਣਾਉਣੀ ਹੈ ਪਰ ਪੱਥਰ ਵਾਲਾ ਸੰਗ ਨਾ ਕਰਨਾ। ਪੱਥਰ ਜਿੰਨਾ ਚਿਰ ਪਾਣੀ ਵਿੱਚ ਹੈ, ਉਨਾ ਚਿਰ ਗਿੱਲਾ ਹੈ, ਪਾਣੀ ਤੋਂ ਬਾਹਰ ਕੱਢੋ ਤੇ ਥੋੜ੍ਹੇ ਚਿਰ ਬਾਅਦ ਸੁੱਕ ਜਾਂਦਾ ਹੈ। ਸਤਿਸੰਗ ਵਿੱਚ ਜਦ ਤੱਕ ਬੈਠੇ ਹਾਂ ਮਨ ਭਿੱਜਿਆ ਹੈ, ਬਾਹਰ ਨਿਕਲੇ ਫਿਰ ਮਾਇਆ ਦਾ ਪ੍ਰਭਾਵ। ਦੂਜਾ, ਤੌਲੀਏ ਵਾਲਾ ਸਤਿਸੰਗ ਵੀ ਨਾ ਕਰਨਾ ਕਿਉਂਕਿ ਤੌਲੀਆ ਵੀ ਪਾਣੀ ਵਿੱਚ ਪਾ ਦਿਓ ਤੇ ਗਿੱਲਾ ਰਹਿੰਦਾ ਹੈ, ਪਾਣੀ 'ਚੋਂ ਬਾਹਰ ਕੱਢਣ ਤੋਂ ਥੋੜ੍ਹੇ ਚਿਰ ਬਾਅਦ ਸੁੱਕ ਜਾਂਦਾ ਹੈ। ਤੇ ਇੱਕ ਹੁੰਦਾ ਹੈ ਪਤਾਸੇ ਵਾਲਾ ਸਤਿਸੰਗ ਕਰਨਾ। ਪਤਾਸਾ ਪਾਣੀ ਵਿੱਚ ਪਾਓ ਤੇ ਪਤਾਸਾ ਆਪਣਾ ਪਹਿਲਾ ਰੂਪ ਪਾਣੀ ਵਿੱਚ ਹੀ ਛੱਡ ਦਿੰਦਾ ਹੈ।

ਸਤਿਸੰਗ ਵਿੱਚ ਆਉਣ ਦੇ ਦੋ ਮਨੋਰਥ ਹਨ। ਇੱਕ ਤਾਂ ਭਗਤੀ ਪੈਦਾ ਕਰੋ, ਇਹ ਸਭ ਤੋਂ ਉੱਚੀ ਗੱਲ ਹੈ। ਬਾਕੀ ਨਿੱਕੇ-ਨਿੱਕੇ ਕਲੇਸ਼ਾਂ ਤੋਂ ਪਾਸੇ ਰਹੋ, ਉਹ ਨਹੀਂ ਮੁੱਕਣੇ। ਉਹ ਆਪਣੀ ਜਗ੍ਹਾ ਚੱਲੀ ਜਾਣੇ ਹਨ। ਦੂਜਾ, ਸਤਿਸੰਗ ਵਿੱਚ ਭਗਤੀ ਦੀਆਂ ਬੈਟਰੀਆਂ ਚਾਰਜ ਕਰਨੀਆਂ ਹਨ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ-ਨਾਜ਼ਰ ਸਮਝ ਕੇ ਗੁਰੂ ਕਲਗੀਧਰ ਪਿਤਾ ਜੀ ਵਿੱਚ ਬਿਰਾਜਮਾਨ ਹਨ ਤੇ ਆਪਣੀਆਂ ਅਰਦਾਸਾਂ ਕਰਨੀਆਂ, ਜੇ ਮੇਰੇ ਕਰਮ ਨਹੀਂ ਤੇ ਮੇਰੇ ਕਰਮ ਲਿਖ ਦਿਓ ਭਗਤੀ ਵਾਲੇ, ਬੰਦਗੀ ਵਾਲੇ, ਜਪ ਤਪ ਵਾਲੇ।

ਹੁਣ ਕੈਸੇ ਬੀਬੀ ਅਮਰੋ ਜੀ ਹੋਣਗੇ ਕਿ ਨੇਤਰਾਂ ਵੱਲ ਵੇਖ ਵੀ ਲਵੇ ਤੇ ਭਗਤੀ ਚੋਵੇ। ਚਿਹਰੇ ਵਿੱਚੋਂ ਭਗਤੀ ਚੋਵੇ, ਜਿਵੇਂ ਬਾਬਾ ਕੁੰਦਨ ਸਿੰਘ ਜੀ ਦੇ ਚਿਹਰੇ ਤੋਂ ਚੌਂਦੀ ਸੀ। ਮਿਸਾਲ ਤਾਂ ਉਨ੍ਹਾਂ ਦੀ ਦੇ ਰਿਹਾ ਹਾਂ ਕਿ ਬਹੁਤਿਆਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹਨ ਤੇ ਪਤਾ ਲੱਗ ਜਾਵੇ ਕਿ ਇਸ ਤਰ੍ਹਾਂ ਸੀ।

***ਧੰਨ ਮੇਰੇ ਪਿਆਰੇ ਕਲਗੀ ਵਾਲਿਆ***

ਇਹ ਕਦੀ-ਕਦੀ ਪਿਆਰ ਵਿੱਚ ਧਾਰਨਾ ਬੋਲ ਰਹੇ ਹਾਂ। ਐ ਮੇਰੇ ਗੁਰੂ ਕਲਗੀਧਰ ਪਿਤਾ ਜੀ, ਤੇਰੇ ਪਿਆਰੇ ਧੰਨ ਹਨ ਜਿਨ੍ਹਾਂ ਦੇ ਨੇਤਰਾਂ ਵਿੱਚੋਂ ਭਗਤੀ ਚੋਵੇ, ਕੋਈ ਉਨ੍ਹਾਂ ਦੇ ਕੋਲ ਬੈਠ ਜਾਵੇ ਤੇ ਉਸ ਦੀ ਵੀ ਭਗਤੀ ਚੱਲ ਪਵੇ।

*ਧੰਨ ਮੇਰੇ ਪਿਆਰੇ ਕਲਗੀ ਵਾਲਿਆ*
*ਮੇਰੀ ਵਾਰੀ ਕਦੋਂ ਆਏਗੀ।*

-----------

*ਕਰਮਹੀਣ ਧਨ ਕਰੈ ਬਿਨੰਤੀ*
*ਕਦਿ ਨਾਨਕ ਆਵੈ ਵਾਰੀ॥*
*ਸਭਿ ਸੁਹਾਗਣਿ ਮਾਣਹਿ ਰਲੀਆ*
*ਇਕ ਦੇਵਹੁ ਰਾਤਿ ਮੁਰਾਰੀ॥੧॥*

*(ਅੰਗ ੯੫੯)*

-----------

*ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ॥*
*ਯਾਰ ਵੇ ਹਿਕ ਡੂੰ ਹਿਕ ਚਾੜੈ ਹਉ ਕਿਸੁ ਚਿਤੇਹੀਆ॥*
*ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ*
*ਨਿਤ ਕਰਦੇ ਭੋਗ ਬਿਲਾਸਾ॥*
*ਤਿਨਾ ਦੇਖਿ ਮਨਿ ਚਾਉ ਉਠੰਦਾ*
*ਹਉ ਕਦਿ ਪਾਈ ਗੁਣਤਾਸਾ॥*
*ਜਿਨੀ ਮੈਡਾ ਲਾਲੁ ਰੀਝਾਇਆ*
*ਹਉ ਤਿਸੁ ਆਗੈ ਮਨੁ ਡੇਂਹੀਆ॥*
*ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ*
*ਮੂ ਦਸਿ ਡਿਖਾ ਪਿਰੁ ਕੇਹੀਆ॥੨॥*

*(ਅੰਗ ੭੦੩)*

ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਇੱਕ ਵਾਰ ਸੰਤ ਵਰਿਆਮ ਸਿੰਘ ਰਤਵਾੜੇ ਵਾਲਿਆਂ ਦੇ ਕਹਿਣ ਤੇ ਦੱਸਿਆ ਸੀ, ਜੇ ਸਾਨੂੰ ਰੰਗ ਲੱਗਾ ਹੈ ਤੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਸੰਗਤ ਵਿੱਚ ਕੋਈ ਕਥਾ ਕਰ ਰਿਹਾ ਸੀ ਤੇ ਕਥਾ ਕਰਦਿਆਂ ਬਚਨ ਕੀਤਾ ਕਿ ਕਿਸੇ ਦਾ ਪੰਜ ਘੰਟੇ ਚੌਕੜਾ ਅਭਿਆਸ, ਨਾਮ ਬਾਣੀ ਦਾ ਹੋ ਜਾਵੇ ਤੇ ਉਸ ਦਾ ਰਸਤਾ ਵੀ ਸੁਹਾਗਣਾਂ ਵੱਲ ਤੁਰ ਪੈਂਦਾ ਹੈ। ਐਸਾ ਸੁਣਿਆ, ਬੱਸ ਬਿਠਾ ਲਿਆ ਅੰਦਰ। ਅੱਜ ਤੋਂ ਬਾਅਦ ਪੰਜ ਘੰਟੇ ਗੁਰੂ ਸਾਹਿਬ ਮੇਰੇ ਤੋਂ ਵੀ ਸੇਵਾ ਲੈਣ। ਇਸ ਨੂੰ ਕਹਿੰਦੇ ਹਨ, ਗੁਰੂ ਸਾਹਿਬ ਚਾਹੁਣ ਤੇ ਸੰਗਤ ਵਿੱਚ ਸੁਣ ਕੇ ਹੀ ਵਾਰੀ ਲਿਆ ਦੇਣ। ਗੁਰੂ ਸਾਹਿਬ ਦੀ ਮੌਜ ਦਾ ਕੋਈ ਪਤਾ ਨਹੀਂ।

ਪਟਿਆਲੇ ਦੇ ਕੋਲ ਮਹਾਂਪੁਰਸ਼ਾਂ ਦਾ ਅਸਥਾਨ ਹੈ, ਉਨ੍ਹਾਂ ਨੇ 40 ਦਿਨ ਦਾ ਪ੍ਰੋਗਰਾਮ ਰੱਖਿਆ ਸੀ। ਜਿੰਨੀ ਸੰਗਤ ਪਿਆਰ ਵਾਲੀ ਨਾਲ ਅਟੈਚ ਸੀ, 13 ਲੱਖ ਰੋਜ਼ ਦਾ ਜਾਪ ਕਰਨਾ। ਇੱਕ ਜਗ੍ਹਾ ਆ ਕੇ ਜਾਪ ਕਰਨਾ, ਪਟਿਆਲੇ ਅਸਥਾਨ ਹੈ। ਮੂਲ ਮੰਤਰ ਪੰਜ ਵਜੇ ਸਵੇਰੇ ਅਰੰਭ ਹੁੰਦਾ ਸੀ, ਸ਼ਾਮੀਂ ਪੰਜ ਵਜੇ ਜਾਣ ਲੱਗਿਆਂ ਰਜਿਸਟਰ ਤੇ ਹਰ ਇੱਕ ਨੇ ਲਿਖ ਕੇ ਜਾਣਾ। ਭਾਵੇਂ ਕੋਈ ਦੋ ਘੰਟੇ ਆਇਆ, ਭਾਵੇਂ ਕੋਈ ਤਿੰਨ ਘੰਟੇ ਆਇਆ ਹੈ। ਇੱਕ ਸੱਜਣ ਨੇ ਬਚਨ ਸੁਣਾਇਆ, ਉਹ ਸੱਜਣ ਅੱਜ ਕਲ੍ਹ ਅੰਮ੍ਰਿਤਸਰ ਹੈ। ਦਾਸ ਨੇ ਉਸਨੂੰ ਪੁੱਛਿਆ ਸੀ, ਤੇਰਾ ਸਿਮਰਨ ਕਿਵੇਂ ਚੱਲ ਪਿਆ ਹੈ, ਉਸ ਦਾ ਸਿਮਰਨ ਚੱਲਦਾ ਹੈ। ਸੁਹਾਗਣਾਂ ਵਿੱਚ ਆ ਗਿਆ। ਉਹ ਕਹਿਣ ਲੱਗਾ, ਚਾਲੀ ਦਿਨ ਵਿੱਚ ਮੈਂ ਵੀ ਨਾਂ ਲਿਖਾ ਦਿੱਤਾ। ਉਹ ਕਹਿਣ ਲੱਗਾ, ਮੈਂ ਉਹ ਬੰਦਾ ਹਾਂ ਜਿਸ ਨੇ ਦੋ ਮਾਲਾ ਰੋਜ਼ ਦੀਆਂ ਕਦੀ ਮੂਲ ਮੰਤਰ ਨਹੀਂ ਕੀਤੀਆਂ। ਉੱਥੇ ਵਾਇਬਰੇਸ਼ਨ ਇਹੋ ਜਿਹੀ ਸੀ, ਸਾਰੇ ਆ ਕੇ ਜਪਦੇ ਸੀ, ਇੱਕ ਨਿਸ਼ਾਨਾ ਰੱਖਿਆ ਸੀ, ਤੇਰ੍ਹਾਂ ਲੱਖ ਰੋਜ਼ ਦਾ ਜਾਪ।

ਇਸ ਦਾ ਸੰਬੰਧ ਕੀ ਸੀ? ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਿਹਾੜਾ, ਉਨ੍ਹਾਂ ਦੀ ਖੁਸ਼ੀ ਲੈਣ ਲਈ, ਸੰਗਤ ਕਿਸੇ ਬਹਾਨੇ ਜੁੜੇ। ਦਾਸ ਨੇ

ਪੁੱਛਿਆ ਸੀ, ਤੇਰਾ ਸਿਮਰਨ ਕਿਵੇਂ ਚੱਲ ਪਿਆ? ਸੁਹਾਗਣਾਂ ਵਿੱਚ ਕਿਵੇਂ ਆ ਗਿਆ? ਵਿਸਰਦਾ ਹੀ ਨਹੀਂ ਉਹ। ਉਹ ਕਹਿਣ ਲੱਗਾ ਕਿ ਮੈਂ ਦੋ ਮਾਲਾ ਵੀ ਰੋਜ਼ ਨਹੀਂ ਕਰ ਸਕਣ ਵਾਲਾ, ਇੱਥੇ 40 ਦਿਨ ਨਾਂ ਲਿਖਾਇਆ। 20 ਮਾਲਾ ਰੋਜ਼ ਪਟਿਆਲੇ ਉਸ ਜਗ੍ਹਾ ਤੇ ਗੁਰੂ ਸਾਹਿਬ ਨੇ ਸੇਵਾ ਲੈਣੀ। ਉਸ ਨੇ ਆਖਿਆ, 40 ਦਿਨ ਵਿੱਚ ਵਾਰੀ ਲੈ ਆਉਂਦੀ। ਬਿੱਧ ਬਣਾ ਦਿੱਤੀ। ਇਹ ਦਾਸ ਨਿੱਕੀਆਂ ਜਿਹੀਆਂ ਟੂਕਾਂ ਤਾਂ ਆਪ ਜੀ ਨਾਲ ਸਾਂਝੀਆਂ ਕਰ ਰਿਹਾ ਹੈ ਕਿ ਗੁਰੂ ਸਾਹਿਬ ਦਾ ਪਤਾ ਨਹੀਂ, ਉਨ੍ਹਾਂ ਨੇ ਕਿਹੜੇ ਵੇਲੇ ਕਿਸ ਦੀ ਵਾਰੀ ਲਿਆਉਣੀ ਹੈ, ਬੈਠਿਆਂ ਹੀ ਵਾਰੀ ਲੈ ਆਵੇ, ਵਾਰੀ ਲਿਆਉਣੀ ਹੈ, ਥਰੀ ਵੀਲ੍ਹਰ ਵਿੱਚ ਜਾ ਰਹੇ ਹੋ, ਕਿਸੇ ਨੇ ਕੋਈ ਬਚਨ ਸੁਣਾ ਦਿੱਤਾ ਹੈ, ਉਸ ਤੇ ਰੰਗ ਲੱਗ ਗਿਆ ਹੈ, ਟੀ.ਵੀ. ਤੇ ਕੋਈ ਬਚਨ ਸੁਣ ਰਿਹਾ ਹੈ ਤੇ ਤਾਂ ਰੰਗ ਲੱਗ ਗਿਆ ਹੈ। ਅੱਜ ਅਰਦਾਸ ਕਰੋ, ਮਹਾਰਾਜ ਜੀ, ਕਿਰਪਾ ਕਰ ਦਿਓ। ਆਪਣੀ ਬਖਸ਼ਿਸ਼ ਦੇ ਖਾਤੇ ਵਿੱਚੋਂ ਆਪਣੀ ਸ਼ਰਨ ਵਿੱਚ ਰੱਖ ਕੇ ਮਹਾਰਾਜ ਜੀ, ਸੱਚੇ ਪਾਤਸ਼ਾਹ ਜੀ ਗ੍ਰਹਿਸਥੀ ਵੀ ਨਿਭੀ ਜਾਵੇ ਤੇ ਉਹ ਸਾਡੀ ਵਾਰੀ ਵੀ ਲੈ ਆਓ।

***ਧੰਨ ਮੇਰੇ ਪਿਆਰੇ ਕਲਗੀ ਵਾਲਿਆ***
***ਮੇਰੀ ਵਾਰੀ ਕਦੋਂ ਆਏਗੀ।***

-----------

***ਸਭਿ ਸਹੀਆ ਸਹੁ ਰਾਵਣਿ ਗਈਆ***
***ਹਉ ਦਾਧੀ ਕੈ ਦਰਿ ਜਾਵਾ॥***
***ਅੰਮਾਲੀ ਹਉ ਖਰੀ ਸੁਚਜੀ***
***ਤੈ ਸਹ ਏਕਿ ਨ ਭਾਵਾ॥***

*(ਅੰਗ ੫੫੮)*

***ਜਿਨੀ ਮੈਡਾ ਲਾਲੁ ਰੀਝਾਇਆ***
***ਹਉ ਤਿਸੁ ਆਗੈ ਮਨੁ ਡੇਂਹੀਆ॥***
***ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ***
***ਮੂ ਦਸਿ ਡਿਖਾ ਪਿਰੁ ਕੇਹੀਆ॥੨॥***

*(ਅੰਗ ੭੦੩)*

***ਧੰਨ ਮੇਰੇ ਪਿਆਰੇ ਕਲਗੀ ਵਾਲਿਆ***
***ਮੇਰੀ ਵਾਰੀ ਕਦੋਂ ਆਏਗੀ।***

ਛੇਵੇਂ ਪਾਤਸ਼ਾਹ ਜੀ! ਤੇਰੇ ਤਾਂ ਘੋੜਿਆਂ ਦੇ ਤਬੇਲੇ ਵਿੱਚ ਸੇਵਾ ਕਰਨ ਵਾਲਾ ਖਵਾਜਾ ਰੌਸ਼ਨ, ਜੇ ਤੇਰੀ ਮੌਜ ਆ ਜਾਵੇ ਤਾਂ ਉਸ ਨੂੰ ਵੀ ਬ੍ਰਹਮ ਗਿਆਨ ਦੇ ਦਿੰਦਾ ਹੈ।

ਇੱਕ ਵਾਰ ਸਿੰਘ ਸਾਹਿਬ ਨੇ ਬੜਾ ਵਧੀਆ ਬਚਨ ਸੁਣਾਇਆ ਸੀ। ਕਹਿਣ ਲੱਗੇ, ਸਰੋਤਾ ਵੀ ਬਣਨਾ ਹੈ ਪਰ ਨਿਰਾ ਸਰੋਤਾ ਨਹੀਂ ਬਣਨਾ, ਨਾਲ-ਨਾਲ ਪਾਤਰ ਵੀ ਬਣਨਾ ਹੈ। ਸਰੋਤਾ ਹੁੰਦਾ ਹੈ, ਸੁਣਨ ਵਾਲਾ ਤੇ ਪਾਤਰ ਹੁੰਦਾ ਹੈ, ਉਸ ਚੀਜ਼ ਵਿੱਚ ਸ਼ਾਮਲ ਹੀ ਹੋ ਜਾਣਾ। ਹੇ ਸਤਿਗੁਰੂ ਜੀ! ਸਿੱਖ ਪੰਥ ਦੀਆਂ ਮਹਾਨ ਮਾਤਾਵਾਂ, ਭੈਣਾਂ ਦਾ ਇਤਿਹਾਸ ਸੁਣ ਰਹੇ ਹਾਂ, ਉਸ ਵਿੱਚ ਸਾਨੂੰ ਵੀ ਪਾਤਰ ਬਣਾ ਦਿਓ। ਭਗਤੀ ਸਾਡੇ ਜੀਵਨ ਵਿੱਚ ਵੀ ਆ ਜਾਵੇ।

***ਕਰਮਹੀਣ ਧਨ ਕਰੈ ਬਿਨੰਤੀ***
***ਕਦਿ ਨਾਨਕ ਆਵੈ ਵਾਰੀ॥***
***ਸਭਿ ਸੁਹਾਗਣਿ ਮਾਣਹਿ ਰਲੀਆ***
***ਇਕ ਦੇਵਹੁ ਰਾਤਿ ਮੁਰਾਰੀ॥੧॥***

*(ਅੰਗ ੯੫੯)*

ਚਾਰ-ਪੰਜ ਰਾਈਟਰਾਂ ਨੇ ਲਿਖਿਆ ਸੀ, ਇਹ ਤਾਂ ਆਪ ਜੀ ਦੇ ਅੱਗੇ ਰੱਖਿਆ ਹੈ ਕਿ ਬੀਬੀ ਅਮਰੋ ਜੀ ਦੇ ਸਰੀਰ ਵਿੱਚ ਭਗਤੀ ਦਾ ਇਹੋ ਜਿਹਾ ਨਿਵਾਸ ਸੀ, ਕੋਈ ਉਨ੍ਹਾਂ ਵੱਲ ਵੇਖਦਾ ਸੀ ਤੇ ਭਗਤੀ ਦੇ ਦਰਸ਼ਨ ਹੁੰਦੇ ਸੀ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਬੱਚਿਆਂ ਨੂੰ ਗੁਰਮੁਖੀ ਸਿਖਾਉਂਦੇ ਸੀ, ਤੁਹਾਨੂੰ ਪਤਾ ਹੈ, 35 ਅੱਖਰੀ। ਜਦੋਂ ਬੱਚਿਆਂ ਨੂੰ ਸਿਖਾਉਂਦੇ ਸੀ ਤੇ ਵਿੱਚ ਬੀਬੀ ਅਮਰੋ ਜੀ ਵੀ ਬੈਠਦੇ ਸੀ। ਇਹ ਰਾਈਟਰਾਂ ਨੇ ਲਿਖਿਆ ਹੈ, ਗੁਰਮੁਖੀ

ਅੱਖਰ ਵੀ ਸਿੱਖੇ, ਬੀਬੀ ਅਮਰੋ ਜੀ ਨੇ, ਆਪਣੇ ਪਿਤਾ ਗੁਰੂ ਜੀ ਦੇ ਚਰਨਾਂ ਵਿੱਚੋਂ। ਬਹੁਤ ਸਾਰੇ ਸ਼ਬਦ ਵੀ ਕੰਠ ਕਰ ਲਏ। ਦੂਜਾ ਲਿਖਿਆ ਹੈ, ਬੀਬੀ ਅਮਰੋ ਜੀ ਦੇ ਬਾਣੀ ਕੰਠ ਕਰਨ ਵਿੱਚ ਬਹੁਤ ਵੱਡੀ ਦੇਣ ਸੀ, ਉਨ੍ਹਾਂ ਦੀ ਮਾਤਾ ਜੀ ਦੀ, ਧੰਨ ਮਾਤਾ ਖੀਵੀ ਜੀ ਦੀ। ਧੰਨ ਮਾਤਾ ਖੀਵੀ ਜੀ ਕਹਿੰਦੇ ਸਨ, ਧੀ ਤਾਂ ਉਹ ਧਨ ਹੈ ਜਿਸ ਨੇ ਅੱਗੇ ਜਾ ਕੇ ਹੋਰ ਚਿਰਾਗ ਜਲਾਉਣੇ ਹਨ, ਹੋਰ ਰੌਸ਼ਨੀ ਦੇਣੀ ਹੈ। ਬੀਬੀ ਅਮਰੋ ਜੀ ਨੂੰ ਬਾਣੀ ਕੰਠ ਹੋਣ ਵਿੱਚ ਧੰਨ ਮਾਤਾ ਖੀਵੀ ਜੀ ਦੀ ਬੜੀ ਵੱਡੀ ਦੇਣ ਹੈ।

ਤੀਜਾ ਬੰਸਾਵਲੀ ਗ੍ਰੰਥ ਦੇ ਲਿਖਾਰੀ, ਉਨ੍ਹਾਂ ਨੇ ਲਿਖਿਆ ਹੈ ਕਿ ਬੀਬੀ ਅਮਰੋ ਜੀ ਨੇ ਬਹੁਤ ਸਾਰੀ ਬਾਣੀ ਕੰਠ ਕੀਤੀ ਸੀ ਤੇ ਉਸ ਵਿੱਚੋਂ ਸਿਧ ਗੋਸਟਿ, ਉਹ ਥੋੜ੍ਹੀ ਔਖੀ ਹੈ, ਬੰਸਾਵਲੀ ਗ੍ਰੰਥ ਇਸ ਦੇ ਲਿਖਾਰੀ ਨੇ ਲਿਖਿਆ ਹੈ, ਬੀਬੀ ਅਮਰੋ ਜੀ ਨੂੰ ਸਿਧ ਗੋਸਟਿ ਦੀ ਸਾਰੀ ਬਾਣੀ ਕੰਠ ਸੀ ਤੇ ਇਸੇ ਬੰਸਾਵਲੀ ਦੇ ਲਿਖਾਰੀ ਨੇ ਲਿਖਿਆ ਹੈ, ਬੀਬੀ ਅਮਰੋ ਜੀ ਦਾ ਗਲਾ ਵੀ ਬੜਾ ਸੁਰੀਲਾ ਸੀ। ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ ਅੰਮ੍ਰਿਤ ਵੇਲੇ ਚਾਉ ਨਾਲ ਬਾਣੀ ਪੜ੍ਹਦੇ ਸੀ। ਸਾਰਿਆਂ ਦੀ ਤਸੱਲੀ ਹੋ ਜਾਵੇ, ਇਹ ਪੰਕਤੀਆਂ ਹਨ, ਬੰਸਾਵਲੀ ਗ੍ਰੰਥ ਦੀਆਂ ਜੋ ਕਿ ਬੀਬੀ ਅਮਰੋ ਜੀ ਬੜੇ ਚਾਅ ਨਾਲ ਪੜ੍ਹਦੇ ਸੀ :

***ਬਾਣੀ ਨਿਤ ਪੜਨ ਕਰ ਚਾਉ***

ਸਾਧ ਸੰਗਤ ਜੀ, ਹੁਣ ਧਿਆਨ ਦੇਣਾ। ਬੀਬੀ ਅਮਰੋ ਜੀ ਦਾ ਰਿਸ਼ਤਾ ਹੋ ਗਿਆ, ਹੋਇਆ ਕਿੱਥੇ? ਬਾਸਰਕੇ। ਹੋਇਆ ਕਿਨ੍ਹਾਂ ਨਾਲ? ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ। ਉਨ੍ਹਾਂ ਦੇ ਭਰਾ ਦਾ ਬੇਟਾ, ਮਹਾਰਾਜ ਜੀ ਦਾ ਭਤੀਜਾ ਹੋ ਗਿਆ। ਭਰਾ ਦਾ ਨਾਂ ਆਇਆ ਹੈ, ਮਾਣਕ ਚੰਦ। ਬੀਬੀ ਅਮਰੋ ਜੀ ਦੇ ਘਰ ਵਾਲੇ ਦਾ ਨਾਂ ਆਇਆ ਹੈ, ਭਾਈ ਜੱਸੂ ਜੀ। ਉਨ੍ਹਾਂ ਨਾਲ ਰਿਸ਼ਤਾ ਹੋ ਗਿਆ, ਵਿਆਹ ਹੋ ਗਿਆ। ਡੋਲੀ ਤੋਰਨ ਵੇਲੇ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਇੱਕ ਪ੍ਰੇਰਨਾ ਦਿੱਤੀ ਕਿ ਬੱਚੀਏ, ਬਾਣੀ ਪੜ੍ਹਨ ਦਾ ਕੰਮ, ਕੀਰਤਨ ਗਾਉਣ ਦਾ ਕਾਰਜ ਤੇ ਸਿੱਖੀ ਦੇ ਪ੍ਰਚਾਰ ਦਾ ਕਾਰਜ ਵਿਆਹ ਤੋਂ ਬਾਅਦ ਵੀ ਜਾਰੀ ਰੱਖਣਾ ਹੈ। ਇਸ ਨੂੰ ਰੋਕਣਾ ਨਹੀਂ। ਬਾਣੀ ਪੜ੍ਹਨ ਦਾ ਕੰਮ, ਕੀਰਤਨ ਗਾਉਣ ਦਾ ਕਾਰਜ ਤੇ ਸਿੱਖੀ ਦੇ ਪ੍ਰਚਾਰ ਦਾ ਕੰਮ ਜਾਰੀ ਰੱਖਣਾ। ਧਿਆਨ ਦੇਣਾ, ਦੋ ਬਚਨ ਮਿਲੇ ਹਨ, ਡੋਲੀ ਤੁਰਨ ਵੇਲੇ। ਦੂਜਾ ਬਚਨ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕੀ ਕੀਤਾ, ਆਪਣੀ ਬੱਚੀ ਨੂੰ। ਇਹ ਬੜਾ ਡੂੰਘਾ ਬਚਨ ਹੈ, ਲਿਆਇਓ ਆਪਣੇ ਜੀਵਨ ਵਿੱਚ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਆਪਣੀ ਬੱਚੀ ਨੂੰ, ਬੱਚੀਏ, ਜਿਹੜਾ ਵੀ ਤੇਰੇ ਸੰਪਰਕ ਵਿੱਚ ਆਵੇ, ਉਸ ਨੂੰ ਸਿੱਖੀ ਵੱਲ ਪ੍ਰੇਰਿਤ ਕਰਨਾ ਹੈ। ਇਹ ਡਿਊਟੀ ਸਾਨੂੰ ਵੀ ਨਿਭਾਉਣੀ ਚਾਹੀਦੀ ਹੈ। ਕਈ ਬੰਦਿਆਂ ਤੇ ਤੁਹਾਡਾ ਪ੍ਰਭਾਵ ਹੁੰਦਾ ਹੈ ਤੇ ਉਨ੍ਹਾਂ ਵਿੱਚ ਜੇ ਕੋਈ ਸਿੱਖੀ ਦੀ ਕਮੀ ਹੋਵੇ, ਉਸਨੂੰ ਪ੍ਰੇਰਿਤ ਕਰਕੇ, ਪ੍ਰੇਮ ਨਾਲ, ਸਿੱਖੀ ਨਾਲ ਜੋੜਨਾ।

ਹੁਣ ਸਾਰੇ ਧਿਆਨ ਦੇਣਾ, ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਅਜੇ ਗੁਰੂ ਨਹੀਂ ਬਣੇ ਤੇ ਹਰ ਸਾਲ ਗੰਗਾ ਤੇ ਜਾਂਦੇ ਹਨ। ਤਕਰੀਬਨ ਇੱਕੀ ਵਾਰੀ ਗੰਗਾ ਤੇ ਗਏ। ਹੁਣ ਤੁਸੀਂ ਲੰਮੇ ਪਓ ਤੇ ਇੱਕ ਗੋਡੇ ਤੇ ਆਪਣਾ ਪੈਰ ਰੱਖ ਲੈਂਦੇ ਹੋ। ਕਈ ਵਾਰ ਗੰਗਾ ਗਏ, ਰਾਹ ਵਿੱਚ ਗੋਡੇ ਤੇ ਆਪਣਾ ਪੈਰ ਰੱਖ ਕੇ ਅਰਾਮ ਕਰ ਰਹੇ ਸੀ। ਪੈਰ ਨਜ਼ਰ ਆਉਂਦਾ ਹੈ, ਪੈਰ ਗੋਡੇ ਤੇ ਰੱਖਿਆ ਹੋਵੇ। ਪੰਡਿਤ ਦੁਰਗਾ ਦੱਤ ਕੋਲੋਂ ਲੰਘ ਰਿਹਾ ਸੀ, ਉਸ ਨੇ ਪੈਰ ਦੇਖਿਆ ਤੇ ਪੈਰ ਵਿੱਚ ਪਦਮ ਸੀ। ਉਸ ਨੇ ਸਿਰ ਝੁਕਾਇਆ ਤੇ ਕਹਿਣ ਲੱਗਾ, ਤੁਸੀਂ ਕੋਈ ਚੱਕਰਵਰਤੀ ਰਾਜੇ

ਹੋਵੋਗੇ ਜਾਂ ਅਵਤਾਰ ਹੋਵੋਗੇ। ਅੱਗੋਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ, ਨਾ ਮੈਂ ਚੱਕਰਵਰਤੀ ਰਾਜਾ ਹਾਂ ਤੇ ਨਾ ਹੀ ਅਵਤਾਰ ਹਾਂ। ਮੈਂ ਤਾਂ ਅਜੇ ਇੰਝ ਹੀ ਗੰਗਾ ਤੇ ਹੀ ਆ ਰਿਹਾ ਹਾਂ। ਉਹ ਕਹਿਣ ਲੱਗਾ, ਤੁਹਾਡੇ ਪੈਰ ਵਿੱਚ ਪਦਮ ਵੇਖਿਆ ਹੈ, ਮੇਰੀ ਪੜ੍ਹਾਈ ਗਲਤ ਨਹੀਂ ਹੋ ਸਕਦੀ, ਤੁਹਾਡੇ ਤੇ ਚਵਰ ਝੁਲੇਗੀ। ਤੁਹਾਨੂੰ ਦੁਨੀਆ ਪੂਜੇਗੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਅਜੇ ਗੁਰੂ ਨਹੀਂ ਬਣੇ, ਉਨ੍ਹਾਂ ਦੇ ਥੈਲੇ ਵਿੱਚ ਮਠਿਆਈ ਸੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ, ਚਵਰ ਝੁਲਣੀ ਹੈ ਜਾਂ ਕੀ ਕਾਰਜ ਹੋਣਾ ਹੈ, ਪੰਡਤ ਦੁਰਗਾ ਦੱਤ, ਤੁਸੀਂ ਮਠਿਆਈ ਖਾਓ, ਛੱਕੋ। ਉਸ ਨੇ ਛਕਣੀ ਸ਼ੁਰੂ ਕਰ ਦਿੱਤੀ। ਛੱਕਦੇ-ਛੱਕਦੇ ਜਦੋਂ ਥੋੜ੍ਹੀ ਜਿਹੀ ਛੱਕ ਲਈ ਤੇ ਉਹ ਪੰਡਤ ਕਹਿਣ ਲੱਗਾ ਕਿ ਤੁਹਾਡਾ ਗੁਰੂ ਕੌਣ ਹੈ? ਤੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਕਹਿਣ ਲੱਗੇ, ਗੁਰੂ ਤਾਂ ਮੈਂ ਟੋਲਦਾ ਫਿਰਦਾ ਪਿਆ ਹਾਂ, ਗੁਰੂ ਤਾਂ ਅਜੇ ਲੱਭਦਾ ਪਿਆ ਹਾਂ, ਗੁਰੂ ਵਾਲਾ ਨਹੀਂ ਬਣਿਆ। ਪੰਡਤ ਦੁਰਗਾ ਦੱਤ ਕਹਿਣ ਲੱਗਾ, ਤੁਸੀਂ ਮੇਰਾ ਜਨਮ ਭ੍ਰਿਸ਼ਟ ਕਰ ਦਿੱਤਾ ਹੈ। ਮੈਂ ਨਿਗੁਰੇ ਹੱਥੋਂ ਖਾ ਲਿਆ ਹੈ। ਮੈਂ ਨਿਗੁਰੇ ਨਾਲ ਸੰਗ ਕਰ ਲਿਆ ਹੈ, ਨਿਗੁਰੇ ਨਾਲ ਗੱਲਾਂ ਕਰ ਗਿਆ ਹਾਂ। ਸੰਗਤ ਜੀ, ਕੋਈ ਬਿੱਧ ਬਣਨੀ ਸੀ, ਜਦੋਂ ਇੰਨੀ ਗੱਲ ਸੁਣੀ ਤੇ ਮਹਾਰਾਜ ਜੀ ਦੇ ਵੱਜੀ। ਹਾਲੇ ਗੁਰੂ ਵਾਲੇ ਨਹੀਂ ਬਣੇ। ਉਹ ਗੱਲ ਵੱਜੀ, ਘਰ ਵਾਪਸ ਆਏ। ਦਾਸ ਨੇ ਪਹਿਲਾਂ ਹੀ ਦੱਸਿਆ ਸੀ, ਬੀਬੀ ਅਮਰੋ ਜੀ ਦਾ ਵਿਆਹ ਤੀਜੇ ਪਾਤਸ਼ਾਹ ਜੀ ਦੇ ਭਰਾ ਦੇ ਮੁੰਡੇ ਨਾਲ ਹੋਇਆ। ਕੰਧ ਸਾਂਝੀ ਸੀ। ਹੁਣ ਸਾਰੀ ਰਾਤ ਸੋਚਦੇ ਰਹੇ, ਪੰਡਿਤ ਦੁਰਗਾ ਦੱਤ ਮੈਨੂੰ ਇਹ ਗੱਲ ਕਹਿ ਗਿਆ ਹੈ। ਮੈਂ ਨਿਗੁਰੇ ਦੇ ਹੱਥਾਂ ਵਿੱਚੋਂ ਖਾ ਲਿਆ ਹੈ ਤੇ ਜਨਮ ਭ੍ਰਿਸ਼ਟ ਹੋ ਗਿਆ ਹੈ। ਸੋਚਦੇ ਹਨ ਕਿ ਕਿਸ ਨੂੰ ਗੁਰੂ ਲੱਭਾਂ, ਟੋਲਦਾ ਫਿਰਦਾ ਹਾਂ। ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਲੱਸੀ ਰਿੜਕ ਰਹੇ ਸੀ ਤੇ ਨਾਲ-ਨਾਲ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਬਾਣੀ ਦਾ ਪਾਠ ਕਰ ਰਹੇ ਹਨ। ਗਰੀਬ ਨਿਵਾਜ ਸੱਚੇ ਪਾਤਸ਼ਾਹ ਜੀ ਦੀ ਬਾਣੀ। ਦਾਸ ਅਖੀਰਲੀਆਂ ਪੰਕਤੀਆਂ ਬੋਲ ਦਿੰਦਾ ਹੈ :

*ਭਇਆ ਮਨੂਰੁ ਕੰਚਨੁ ਫਿਰਿ ਹੋਵੈ*
*ਜੇ ਗੁਰੁ ਮਿਲੈ ਤਿਨੇਹਾ ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ*
*ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥*

*(ਅੰਗ ੯੯੦)*

ਅਖੀਰਲੀਆਂ ਪੰਕਤੀਆਂ ਵਿੱਚ ਮਨੂਰ ਦਾ ਜ਼ਿਕਰ ਹੁੰਦਾ ਹੈ, ਜਿਹੜੇ ਲੋਹੇ ਦੇ ਕੰਮ ਕਰਦੇ ਹਨ। ਲੋਹੇ ਦੀ ਮੈਲ ਲੱਥਦੀ ਹੈ, ਉਸ ਨੂੰ ਮਨੂਰ ਕਹਿੰਦੇ ਹਨ। ਗੁਰਬਾਣੀ ਵਿੱਚ ਲਿਖਿਆ ਹੈ, ਕੋਈ ਬੰਦਾ ਮਨੂਰ ਵਰਗਾ ਵੀ ਹੋਵੇ, ਗੁਰੂ ਪੂਰਾ ਮਿਲ ਜਾਵੇ ਤੇ ਕੰਚਨ ਬਣ ਜਾਂਦਾ ਹੈ :

*ਭਇਆ ਮਨੂਰੁ ਕੰਚਨੁ ਫਿਰਿ ਹੋਵੈ*
*ਜੇ ਗੁਰੁ ਮਿਲੈ ਤਿਨੇਹਾ ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ*
*ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥*

*(ਅੰਗ ੯੯੦)*

ਨਿਗੁਰੇ ਵਾਲੀ ਗੱਲ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਦਰ ਵੱਜੀ। ਉਧਰ ਬੀਬੀ ਅਮਰੋ ਜੀ ਦੁੱਧ, ਦਹੀ ਰਿੜਕਦਿਆਂ ਆਸਾ ਜੀ ਦੀ ਵਾਰ ਦਾ ਪਾਠ ਕਰ ਰਹੇ ਹਨ। ਬੀਬੀ ਅਮਰੋ ਜੀ ਜਦੋਂ ਸ਼ਬਦ ਪੜ੍ਹ ਰਹੇ ਸਨ ਤੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਕੰਨਾਂ ਵਿੱਚ ਗੁਰਬਾਣੀ ਦੀ ਮਿੱਠੀ ਆਵਾਜ਼ ਪਈ।

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥***

*(ਅੰਗ ੪੬੨)*

ਮਹਾਰਾਜ ਜੀ ਕੰਧ ਨਾਲ ਕੰਨ ਲਗਾ ਕੇ ਸੁਣ ਰਹੇ ਹਨ :

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥***
***(ਅੰਗ ੪੬੩)***

ਜਦੋਂ ਸੁਣਦੇ ਪਏ ਸੀ ਤੇ ਸੁਣਦੇ-ਸੁਣਦੇ ਅੱਗੇ ਹੋਈ ਗਏ, ਚਲੇ ਗਏ ਵਿਹੜੇ ਵਿੱਚ। ਜਦੋਂ ਵਿਹੜੇ ਵਿੱਚ ਗਏ ਤੇ ਬੱਚੀ ਚੁੱਪ ਕਰ ਗਈ। ਬੀਬੀ ਅਮਰੋ ਜੀ ਚੁੱਪ ਕਰ ਗਏ। ਇੱਕ ਹਿਸਾਬ ਨਾਲ ਸਹੁਰੇ ਦੇ ਭਰਾ ਹੋ ਗਏ, ਵੱਡਾ ਹੀ ਰਿਸ਼ਤਾ ਹੋਇਆ। ਬੀਬੀ ਅਮਰੋ ਜੀ ਕਿੰਨੇ ਵੱਡੇ ਹੋਏ ਹਨ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਰੱਬ ਹਨ ਰੱਬ ਪਰ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੂੰ ਇੰਨੀ ਵੱਡੀ ਜਗ੍ਹਾ ਤੇ ਇੰਨੇ ਵੱਡੇ ਸਾਂਈਂ ਨਾਲ ਮਿਲਾਉਣ ਦੇ ਵਿਚੋਲੇ ਹੋਏ ਹਨ, ਬੀਬੀ ਅਮਰੋ ਜੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਭਰਾ ਦੇ ਘਰ ਵਿਹੜੇ ਵਿੱਚ ਆ ਗਏ ਤੇ ਆ ਕੇ ਕੀ ਕਹਿੰਦੇ ਹਨ? ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ :

***ਹੇ ਪੁੱਤ੍ਰੀ! ਅਬਿ ਫੇਰ ਪਢਿ, ਮੁਝ ਦੇਹੁ ਸੁਨਾਈ।***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧)***

ਵੈਸੇ ਤਾਂ ਲਿਖਿਆ ਹੈ, ਬੀਬੀ ਅਮਰੋ ਜੀ ਝਕ ਵੀ ਗਏ ਪਰ ਉਸ ਸਮੇਂ ਸੱਸ ਮਾਤਾ ਜੀ ਨੇ ਬੀਬੀ ਅਮਰੋ ਜੀ ਨੂੰ ਕਿਹਾ ਜੇ (ਗੁਰੂ) ਅਮਰਦਾਸ ਜੀ ਕਹਿ ਰਹੇ ਹਨ ਤਾਂ ਫਿਰ ਸੁਣਾ ਦੇ। ਫਿਰ ਦੁਬਾਰਾ ਬੀਬੀ ਅਮਰੋ ਜੀ ਨੇ ਗੁਰਬਾਣੀ ਦਾ ਸ਼ਬਦ ਪੜ੍ਹਿਆ।

ਬੜੇ ਧਿਆਨ ਦੇਣ ਵਾਲੇ ਬਚਨ ਹਨ। ਗੁਰਬਾਣੀ ਦੀ ਪੰਕਤੀ ਸੁਣਨ ਤੋਂ ਬਾਅਦ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਪਹਿਲਾ ਪ੍ਰਸ਼ਨ ਕੀਤਾ, ਇਹ ਕਿਨ੍ਹਾਂ ਦੀ ਬਾਣੀ ਹੈ? ਬੀਬੀ ਅਮਰੋ ਜੀ ਨੇ ਆਖਿਆ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ। ਫਿਰ ਦੂਜਾ ਪ੍ਰਸ਼ਨ ਕੀਤਾ, ਇਸ ਬਾਣੀ ਦੇ ਰਚਨਹਾਰ ਕਿੱਥੇ ਹਨ ਤੇ ਬੀਬੀ ਅਮਰੋ ਜੀ ਜਵਾਬ ਦਿੰਦੇ ਹਨ, ਪਰਮੇਸ਼ਰ ਵਿੱਚ ਲੀਨ ਹੋ ਗਏ ਹਨ। ਕਈ ਰਾਈਟਰਾਂ ਨੇ ਲਿਖਿਆ ਹੈ, ਕਰਤਾਰਪੁਰ ਕਰਤੇ ਵਿੱਚ ਲੀਨ ਹੋ ਗਏ ਹਨ। ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਤੀਜਾ ਸਵਾਲ ਕੀਤਾ, ਉਸ ਪਰਮੇਸ਼ਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਕਿੱਥੇ ਮਿਲੀਏ? ਤੁਸਾਂ ਇਹ ਬਾਣੀ ਕਿੱਥੋਂ ਪ੍ਰਾਪਤ ਕੀਤੀ? ਅੱਗੋਂ ਪਿਆਰ ਨਾਲ ਸਿਰ ਨਿਵਾ ਕੇ ਆਖਿਆ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੋਤ ਮੇਰੇ ਪਿਤਾ ਜੀ ਵਿੱਚ ਬਿਰਾਜਮਾਨ ਹੈ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਵਿੱਚ, ਖਡੂਰ ਸਾਹਿਬ। ਬੱਚੀਏ, ਫਿਰ ਮੈਨੂੰ ਲੈ ਚੱਲ ਉਨ੍ਹਾਂ ਪਾਸ। ਬੀਬੀ ਅਮਰੋ ਜੀ ਕਹਿਣ ਲੱਗੇ, ਮੈਨੂੰ ਪਿਤਾ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਆਗਿਆ ਨਹੀਂ। ਆਗਿਆ ਤੋਂ ਬਿਨਾਂ ਮੈਂ ਪੇਕੇ ਘਰ ਜਾ ਨਹੀਂ ਸਕਦੀ। ਪਹਿਲੀ ਗੱਲ, ਆਗਿਆ ਸੱਸ-ਸਹੁਰੇ ਦੀ। ਫਿਰ ਦੂਜੀ ਪਿਤਾ ਜੀ ਨੇ ਕਿਹਾ, ਆਗਿਆ ਦੇਈਏ ਤਾਂ ਆਉਣਾ ਹੈ। ਅੱਗੋਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ, ਤੂੰ ਮੇਰੇ ਪਿੱਛੇ ਝਿੜਕਾਂ ਖਾ ਲਈਂ ਪਰ ਮੈਨੂੰ ਲੱਗਦਾ ਹੈ ਕਿ ਕੱਲ ਮਿਹਣਾ ਵੱਜਾ ਹੈ ਤੇ ਅੱਜ ਬਿੱਧ ਬਣ ਰਹੀ ਹੈ। ਆਗਿਆ ਲੈ ਕੇ, ਬੀਬੀ ਅਮਰੋ ਜੀ, ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਲੈ ਕੇ ਗਏ ਸ੍ਰੀ ਖਡੂਰ ਸਾਹਿਬ। ਧੰਨ ਸ੍ਰੀ ਗੁਰੂ ਅਮਰਦਾਸ ਜੀ ਬਾਹਰ ਖੜ੍ਹੇ ਹਨ ਤੇ ਅੰਦਰ ਬੀਬੀ ਅਮਰੋ ਜੀ ਇਕੱਲੇ ਗਏ। ਜਦੋਂ ਇਕੱਲੇ ਗਏ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਕਮਰੇ ਵਿੱਚ ਬੈਠਿਆਂ ਹੀ ਉੱਚੀ ਸਾਰੀ ਕਹਿੰਦੇ ਹਨ, ਜਿਨ੍ਹਾਂ ਨੂੰ ਬਾਹਰ ਛੱਡ ਕੇ ਆਈ ਹੈਂ, ਨਾਲ ਲੈ ਕੇ ਆ।

ਇਹ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਸ਼ਰਧਾ

*—ਬਾਕੀ ਹਿੱਸਾ ਪੰਨਾ 38 'ਤੇ ਪੜ੍ਹੋ ਜੀ*

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

***ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-***

**24. ਪ੍ਰ: ਉਸ ਸਤਿਕਾਰਯੋਗ ਮਾਤਾ ਜੀ ਦਾ ਨਾਂ ਦੱਸੋ ਜਿਨ੍ਹਾਂ ਨੂੰ 'ਖਾਲਸੇ ਦੀ ਮਾਤਾ' ਹੋਣ ਦਾ ਮਾਣ ਪ੍ਰਾਪਤ ਹੈ?**

ਉ: ਧੰਨ ਧੰਨ ਮਾਤਾ ਸਾਹਿਬ ਕੌਰ ਜੀ

ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦਾ ਆਗਮਨ ਭਾਈ ਰਾਮੂ ਜੀ ਦੇ ਘਰ ਮਾਤਾ ਜਸਦੇਈ ਜੀ ਦੀ ਪਾਵਨ ਕੁੱਖ ਤੋਂ 1681 ਬਿਕਰਮੀ ਨੂੰ ਪਾਕਿਸਤਾਨ ਦੇ ਇਲਾਕੇ ਰੁਹਤਾਸ ਵਿਖੇ ਹੋਇਆ। ਇਹ ਰੁਹਤਾਸ ਉਹ ਭਾਗਾਂ ਵਾਲਾ ਨਗਰ ਹੈ ਜਿਸ ਨਗਰ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਾਵਨ ਚਰਨ ਛੋਹ ਪ੍ਰਾਪਤ ਹੈ। ਇੱਥੋਂ ਦਾ ਪਾਣੀ ਖਾਰਾ ਸੀ ਤੇ ਪਹਿਲੇ ਪਾਤਸ਼ਾਹ ਜੀ ਦੇ ਬਚਨਾਂ ਨਾਲ ਇੱਥੇ ਨਿਰਮਲ ਮਿੱਠੇ ਜਲ ਦੇ ਚਸ਼ਮੇ ਵਗੇ। ਧੰਨ ਮਾਤਾ ਸਾਹਿਬ ਕੌਰ ਜੀ ਦੇ ਭਰਾ ਦਾ ਨਾਂ ਸਾਹਿਬ ਚੰਦ ਸੀ।

**ਮਾਤਾ ਜੀ ਦੇ ਸੁਭਾਅ ਦੇ ਕੁਝ ਅੰਸ਼ :**

1. ਮਾਤਾ ਜੀ ਦੀ ਨੂਰਾਨੀ ਆਤਮਾ, ਹਸਮੁੱਖ ਚਿਹਰਾ, ਬੋਲਾਂ ਵਿੱਚ ਮਿਠਾਸ, ਨਿਮਰਤਾ, ਸੰਤੋਖ, ਖਿਮਾਂ ਵਾਲੇ ਸਾਰੇ ਗੁਣ ਬਚਪਨ ਤੋਂ ਹੀ ਸਨ।
2. ਗੁਰਬਾਣੀ ਇੰਨੀ ਸ਼ੁੱਧ ਪੜ੍ਹਦੇ ਸਨ ਕਿ ਸੰਗਤਾਂ ਉਨ੍ਹਾਂ ਦੇ ਮੁੱਖ ਤੋਂ ਗੁਰਬਾਣੀ ਸੁਣ ਕੇ ਨਿਹਾਲ ਹੁੰਦੀਆਂ। ਇਹ ਵੀ ਲਿਖਿਆ ਹੈ ਕਿ ਨਾਲ ਦੇ ਕਈ ਪਿੰਡਾਂ ਤੋਂ ਸੰਗਤਾਂ ਆ ਕੇ ਮਾਤਾ ਜੀ ਦੇ ਪਾਵਨ ਮੁਖਾਰਬਿੰਦ ਤੋਂ ਗੁਰਬਾਣੀ ਸਰਵਣ ਕਰਦੀਆਂ।
3. ਲੰਗਰ ਦੀ ਸੇਵਾ ਵੀ ਮਾਤਾ ਜੀ ਹੱਥੀਂ ਕਰਦੇ।
4. ਮਾਤਾ ਜੀ ਨੇ ਤਿੰਨ ਆਦਰਸ਼ ਅਪਣਾਏ ਜਿਨ੍ਹਾਂ ਤੇ ਜ਼ਿੰਦਗੀ ਭਰ ਪਹਿਰਾ ਦਿੱਤਾ: ਪਹਿਲਾ- ਸਿਮਰਨ ਕਰਦੇ ਰਹਿਣਾ, ਦੂਜਾ- ਦਸ਼ਮੇਸ਼ ਪਿਤਾ ਜੀ ਦੇ ਦਰਸ਼ਨ ਕਰ ਨਿਹਾਲ ਰਹਿਣਾ, ਤੀਜਾ- ਖਾਲਸੇ ਪੁੱਤਰ ਦੀ ਦਾਤ ਨੂੰ ਵੱਧਦਾ-ਫੁੱਲਦਾ ਦੇਖ ਕੇ ਸੰਤੁਸ਼ਟ ਹੋਣਾ।
5. ਮਾਤਾ ਜੀ ਬਹੁਤ ਘੱਟ ਬੋਲਦੇ ਸਨ ਤੇ ਪਹਿਰਾਵਾ ਬਹੁਤ ਸਾਦਾ ਰੱਖਦੇ ਸਨ।
6. ਧੰਨ ਮਾਤਾ ਸੁੰਦਰ ਕੌਰ ਜੀ ਦਾ ਮਾਤਾ ਸਾਹਿਬ ਕੌਰ ਜੀ ਬਹੁਤ ਸਤਿਕਾਰ ਕਰਦੇ ਸਨ ਤੇ ਉਨ੍ਹਾਂ ਦੀ ਆਗਿਆ ਲੈ ਕੇ ਹੀ ਸਾਰੇ ਕੰਮ ਕਰਦੇ ਸਨ।
7. ਸ੍ਰੀ ਨਾਂਦੇੜ ਸਾਹਿਬ ਗੋਦਾਵਰੀ ਦੇ ਕੰਢੇ ਤੇ

ਭੋਰਾ ਬਣਾ ਕੇ ਤਪ ਕੀਤਾ। ਇਹ ਤਪ ਅਸਥਾਨ ਅੱਜ ਵੀ ਮੌਜੂਦ ਹੈ। ਅੰਦਰ ਵੜਦਿਆਂ ਹੀ ਨਾਮ ਦੀ ਵਾਇਬਰੇਸ਼ਨ ਚਲਦੀ ਹੈ।

8. ਮਾਤਾ ਜੀ ਦਾ ਇੰਨਾ ਨੇਮ ਸੀ, ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਕਿੰਨੇ ਹੀ ਘੰਟੇ ਸਮਾਧੀ ਵਿੱਚ ਰਹਿਣਾ ਤੇ ਫਿਰ ਧੰਨ ਗੁਰੂ ਕਲਗੀਧਰ ਪਿਤਾ ਜੀ ਨੇ ਦਰਸ਼ਨ ਦੇਣੇ। ਦਸਮ ਪਾਤਸ਼ਾਹ ਜੀ ਅੱਗੇ ਪਰਸ਼ਾਦਾ ਰੱਖਣਾ। ਮਹਾਰਾਜ ਜੀ ਨੇ ਪਰਸ਼ਾਦਾ ਛੱਕਣਾ ਤੇ ਫਿਰ ਆਪ ਕੁਝ ਅਲਪ ਅਹਾਰ ਮੁੱਖ ਨੂੰ ਲਗਾਉਣਾ।

9. ਸ੍ਰੀ ਨਾਂਦੇੜ ਸਾਹਿਬ ਤੋਂ ਜਦੋਂ ਗੁਰੂ ਜੀ ਦੇ ਹੁਕਮ ਅਨੁਸਾਰ ਦਿੱਲੀ ਵੱਲ ਚਾਲੇ ਪਾਏ ਤੇ ਮਹਾਰਾਜ ਜੀ ਨੂੰ ਆਪਣੇ ਨੇਮ ਦਾ ਪੁੱਛਿਆ ਤੇ ਗੁਰੂ ਸਾਹਿਬ ਜੀ ਨੇ ਆਪਣੇ ਨਿੱਜੀ ਸ਼ਸ਼ਤਰ ਦਿੱਤੇ ਤੇ ਕਿਹਾ ਇਨ੍ਹਾਂ ਦਾ ਆਸਣ ਲਗਾਉਣਾ। ਆਪਣੇ ਨੇਮ ਉਪਰੰਤ ਇਨ੍ਹਾਂ ਦੇ ਦਰਸ਼ਨ ਕਰਨਾ। ਇਨ੍ਹਾਂ ਵਿੱਚੋਂ ਸਾਡੇ ਦਰਸ਼ਨ ਦੀਦਾਰ ਹੋਣਗੇ। ਇਹ ਸ਼ਸ਼ਤਰ ਸਨ- ਤਲਵਾਰ, ਖੰਜਰ, ਜਮਧਰ, ਦੋ ਖੰਡੇ। ਇਹ ਪਾਵਨ ਸ਼ਸ਼ਤਰ ਅੱਜ ਵੀ ਗੁਰਦੁਆਰਾ ਮਾਤਾ ਸੁੰਦਰੀ ਜੀ, ਨਵੀਂ ਦਿੱਲੀ ਵਿਖੇ ਸੁਭਾਇਮਾਨ ਹਨ।

10. ਇਹ ਵੀ ਲਿਖਿਆ ਹੈ ਕਿ ਅਲਪ ਆਹਾਰ ਤਾਂ ਪਹਿਲਾਂ ਤੋਂ ਹੀ ਸੀ ਪਰ ਜਦੋਂ ਦਸਮ ਪਾਤਸ਼ਾਹ ਜੀ ਦੇ ਸੱਚਖੰਡ ਪਿਆਨਾ ਦੀ ਖਬਰ ਸੁਣੀ ਤੇ ਫਿਰ ਚਿੜੀ ਚੋਗ ਤੇ ਹੀ ਰਹਿ ਗਏ। ਇੰਨਾ ਘੱਟ ਛੱਕਣਾ।

11. ਮਾਤਾ ਜੀ ਦੇ 8 ਹੁਕਮਨਾਮੇ ਮਿਲਦੇ ਹਨ ਤੇ ਹਰ ਹੁਕਮਨਾਮੇ ਵਿੱਚ ਮਾਤਾ ਜੀ ਆਪਣੇ ਪਿਆਰੇ ਖਾਲਸਾ ਪੰਥ ਨੂੰ ਇਹ ਜ਼ਰੂਰ ਲਿਖਦੇ ਸਨ : ਤੁਸੀਂ ਮੇਰੇ ਪੁਤ ਫਰਜ਼ੰਦ ਹੋ।

12. ਮਾਤਾ ਜੀ ਜਿੱਥੇ ਪਾਣੀ ਦੀ ਥੁੜ੍ਹ ਹੁੰਦੀ, ਉੱਥੇ ਖੂਹ ਖੁਦਵਾਉਂਦੇ।

13. 66 ਸਾਲ ਦੀ ਉਮਰ ਵਿੱਚ ਮਾਤਾ ਜੀ ਨੇ ਸਰੀਰ ਤਿਆਗਿਆ। ਸਰੀਰ ਤਿਆਗਣ ਤੋਂ ਪਹਿਲਾਂ ਮਾਤਾ ਸੁੰਦਰੀ ਜੀ ਤੋਂ ਆਗਿਆ ਲਈ। ਇਸ਼ਨਾਨ ਕੀਤਾ, ਚਿੱਟੇ ਬਸਤਰ ਪਹਿਨੇ, ਨਿਤਨੇਮ ਕੀਤਾ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਅਰਦਾਸ ਕਰਕੇ ਆਪ ਹੁਕਮਨਾਮਾ ਲਿਆ ਤੇ ਫਿਰ ਮੱਥਾ ਟੇਕ ਕੇ ਸਰੀਰ ਛੱਡ ਦਿੱਤਾ। 1747 ਵਿੱਚ ਮਾਤਾ ਜੀ ਨੇ ਸਰੀਰ ਤਿਆਗਿਆ। ਜਿੱਥੇ ਮਾਤਾ ਜੀ ਦੇ ਪਾਵਨ ਸਰੀਰ ਨੂੰ ਅਗਨ ਭੇਟ ਕੀਤਾ ਗਿਆ, ਉੱਥੇ ਗੁਰਦੁਆਰਾ ਸ੍ਰੀ ਬਾਲਾ ਸਾਹਿਬ, ਨਵੀਂ ਦਿੱਲੀ ਵਿਖੇ ਹੈ।

---

*ਪੰਨਾ 24 ਦਾ ਬਾਕੀ ਹਿੱਸਾ—*

ਨਾਹਰਾ ਮਾਰਨ ਕਰਕੇ ਵਰ ਦਿੱਤਾ ਸੀ। ਗੁਰੂ ਸਾਹਿਬ ਦੇ ਬਚਨ ਕਾਰਨ ਮਲੇਰਕੋਟਲੇ ਵਿੱਚ ਕੋਈ ਮੰਦਭਾਗੀ ਘਟਨਾ ਨਹੀਂ ਸੀ ਹੋਈ।

ਕੁਝ ਪ੍ਰੇਮੀ ਅਤੇ ਮੇਹਰਦੀਨ ਹੋਰੀਂ ਚਾਰੇ ਭੈਣ-ਭਰਾ ਕਰਮਸਰ ਹੀ ਰਹੇ। ਪਾਕਿਸਤਾਨ ਤੋਂ ਉਜੜ ਕੇ ਆਉਣ ਵਾਲੇ ਪਰਿਵਾਰ ਕਾਫੀ ਸਮੇਂ ਤੱਕ ਆ ਕੇ ਆਸਰਾ ਲੈਂਦੇ ਰਹੇ, ਜਿਨ੍ਹਾਂ ਦੀ ਪਰਸ਼ਾਦੇ ਪਾਣੀ ਤੋਂ ਇਲਾਵਾ ਬਸਤਰ ਆਦਿ ਦੀ ਸੇਵਾ ਵੀ ਹੁੰਦੀ। ਗੁਰਬਾਣੀ ਕਥਾ-ਕੀਰਤਨ ਸੁਣ ਕੇ ਮਨ ਨੂੰ ਕੁਝ ਹੌਂਸਲਾ ਮਿਲਦਾ।

ਹੌਲੀ-ਹੌਲੀ ਸਮੇਂ ਦੇ ਨਾਲ ਫਸਾਦ ਬੰਦ ਹੋ ਗਏ ਪਰ ਇੱਕ ਅਜਿਹਾ ਇਤਿਹਾਸ ਲਿਖਿਆ ਗਿਆ ਜਿਸਦੇ ਦੋ ਪੱਖ ਹਨ। ਇੱਕ ਤਾਂ ਹੈ, ਹੈਵਾਨੀਅਤ ਵਾਲਾ ਪੱਖ। ਦੂਸਰਾ ਹੈ, ਮਨੁੱਖਤਾ ਦਾ ਪੱਖ ਜਿਸ ਵਿੱਚ ਜਾਨਾਂ ਬਚਾਏ ਜਾਣਾ, ਆਸਰਾ ਦੇਣਾ ਅਤੇ ਟਿਕਾਣੇ ਤੇ ਪੁਚਾਉਣਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸੰਸਾਰ 'ਤੇ ਹਮੇਸ਼ਾ ਦੋਨੋਂ ਪੱਖ ਚੱਲਦੇ ਹਨ ਪਰ ਉੱਜਲਾ ਪੱਖ ਸਦਾ ਹੀ ਪ੍ਰੇਰਨਾ ਦਿੰਦਾ ਰਹਿੰਦਾ ਹੈ। ਸਾਨੂੰ ਹਮੇਸ਼ਾਂ ਉੱਜਲੇ ਪੱਖ ਵਿੱਚ ਹੀ ਰਹਿਣਾ ਚਾਹੀਦਾ ਹੈ।

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਿਹ ਕਰਤਾ -ਸੰਪਾਦਕ

**284**

ਜੀਵਨ ਵਿੱਚ ਉਹ ਪੜ੍ਹਾਈ ਕਰਨੀ ਚਾਹੀਦੀ ਹੈ ਜੋ ਅਹੰਕਾਰ ਖਤਮ ਕਰੇ। ਜਿਸ ਪੜ੍ਹਾਈ ਕਰਨ ਦੇ ਨਾਲ ਅਹੰਕਾਰ ਪੈਦਾ ਹੋਏ ਉਹ ਪੜ੍ਹਾਈ ਕਰਨ ਦਾ ਕੋਈ ਫਾਇਦਾ ਨਹੀਂ।

**285**

ਦੁਖ ਅਤੇ ਸੁਖ ਕਰਮਾਂ ਕਰਕੇ ਮਿਲਦੇ ਹਨ ਪਰ ਗੁਰਮੁੱਖ ਦੁਖ ਨੂੰ ਵੀ ਰਜ਼ਾ ਦਾ ਰੂਪ ਮੰਨ ਕੇ ਸੁਖ ਅਨੁਭਵ ਕਰਦਾ ਹੈ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

ਨਾਮ ਦਾਨ ਇਸ਼ਨਾਨ ਇਸ ਨਾਲ ਜੋ ਵੀ ਪ੍ਰਾਪਤ ਕਰਨਾ ਚਾਹੋ, ਉਹੀ ਮਿਲਦਾ ਹੈ।

**118**

—ਭਾਈ ਅਮਰੀਕ ਸਿੰਘ ਗਨੈਸਕ

ਹਰ ਕੰਮ ਵਿੱਚ ਥੋੜ੍ਹੀ ਬਹੁਤ ਔਖ ਝੱਲਣੀ ਪੈਂਦੀ ਹੈ। ਪਰਮਾਰਥ ਵਿੱਚ ਵੀ ਉੱਦਮ ਕਰਨਾ ਹੀ ਪਵੇਗਾ, ਆਲਸ ਕੀਤਿਆਂ ਕੁਝ ਨਹੀਂ ਮਿਲਦਾ।

**119**

# ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਸੈਰ ਕਰਨ ਲਈ ਜਾਣ ਲੱਗਿਆਂ ਬਾਬਾ ਜੀ ਨੇ ਬਲਵੰਤ ਸਿੰਘ ਨੂੰ ਨਾਲ ਚੱਲਣ ਦਾ ਇਸ਼ਾਰਾ ਕੀਤਾ। ਉਸ ਨਾਲ ਖਜ਼ਾਨ ਸਿੰਘ ਵੀ ਤੁਰ ਪਿਆ। ਬਾਬਾ ਜੀ ਬਲਵੰਤ ਸਿੰਘ ਨਾਲ ਪ੍ਰਮਾਰਥਕ ਬਚਨ ਕਰ ਰਹੇ ਸਨ। ਖਜ਼ਾਨ ਸਿੰਘ ਉਸੇ ਮਸਤੀ ਵਿੱਚ ਨਾਲ-ਨਾਲ ਤੁਰਿਆ ਜਾ ਰਿਹਾ ਸੀ। ਸੈਰ ਤੋਂ ਆਉਣ ਉਪਰੰਤ ਰੋਜ਼ ਅਨੁਸਾਰ ਸੁਖਮਨੀ ਸਾਹਿਬ ਦੇ ਪਾਠ ਸਰਵਣ ਕਰ ਕੇ ਬਾਬਾ ਜੀ ਕਮਰੇ ਦੇ ਅੰਦਰ ਚਲੇ ਗਏ, ਖਜ਼ਾਨ ਸਿੰਘ ਵੀ ਨਾਲ ਅੰਦਰ ਚਲਾ ਗਿਆ ਤੇ ਕਿੰਨਾ ਹੀ ਸਮਾਂ ਉਸ ਖੁਮਾਰੀ ਨੂੰ ਮਾਣਦਾ ਰਿਹਾ।

ਕੁਝ ਦਿਨਾਂ ਬਾਅਦ ਸ਼ਾਮ ਦੇ ਦੀਵਾਨ ਵਿੱਚ ਬਾਬਾ ਜੀ ਨੇ ਲਛਮਣ ਸਿੰਘ ਦਾ ਲਿਆਂਦਾ ਰਬਾਬ ਮੰਗਵਾ ਲਿਆ। ਇਸ ਵਾਰ ਵੀ ਪਹਿਲਾਂ ਵਾਂਗ ਹੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੇਨਤੀ ਕੀਤੀ, "ਨਿਰੰਕਾਰ! ਰਬਾਬਾ ਭੇਜਿਆ ਐ। ਕੋਈ ਵਜਾਉਣ ਵਾਲਾ ਵੀ ਭੇਜ।"

ਕੁਝ ਪਲਾਂ ਬਾਅਦ ਕਰਤਾਰ ਸਿੰਘ ਰਾਗੀ ਨੂੰ ਰਬਾਬ ਵਜਾਉਣ ਦਾ ਬਚਨ ਕੀਤਾ। ਕੁਝ ਹੀ ਦਿਨ ਪਹਿਲਾਂ, ਜਦ ਇਸੇ ਤਰ੍ਹਾਂ ਬਾਬਾ ਜੀ ਨੇ ਰਬਾਬ ਬਾਹਰ ਮੰਗਾਇਆ ਸੀ, ਕਰਤਾਰ ਸਿੰਘ ਨੇ ਯਤਨ ਕੀਤਾ ਸੀ ਪਰ ਸੁਰ ਵਿੱਚ ਨਹੀਂ ਸੀ ਵਜਾ ਸਕਿਆ।

"ਜੀ... ਮੈਨੂੰ ਵਜਾਉਣਾ ਨਹੀਂ ਆਉਂਦਾ।" ਉਸਨੇ ਸੱਚੀ ਗੱਲ ਦੱਸੀ।

"ਇਹ ਭਾਈ ਧੰਨ ਸ੍ਰੀ ਗੁਰੂ ਨਾਨਕ ਜੀ ਦਾ ਦਰ ਐ।" ਬਾਬਾ ਜੀ ਨੇ ਬਚਨ ਕੀਤੇ, "ਤੂੰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੂੰ ਹਾਜ਼ਰ-ਨਾਜ਼ਰ ਜਾਣ ਕੇ ਵਜਾ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਮਿਹਰ ਕਰਨ ਤੇ ਠੀਕ ਹੋ ਸਕਦਾ ਹੈ। ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਭਾਈ ਮਰਦਾਨਾ ਜੀ ਨੂੰ ਇਹ ਦਾਤ ਬਖਸ਼ੀ ਸੀ। ਆਪ ਬਿਰਾਜਮਾਨ ਨੇ....." ਬਾਬਾ ਜੀ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਇਸ਼ਾਰਾ ਕੀਤਾ, "ਤੂੰ ਵਜਾ!"

ਬਚਨ ਮੰਨ ਰਬਾਬ ਫੜ ਉੱਤੇ ਗੱਜ ਚਲਾਇਆ ਤਾਂ ਆਪ ਮੁਹਾਰੇ 'ਤੂੰ ਹੀ ਨਿਰੰਕਾਰ' ਦੀ ਧੁੰਨ ਵੱਜਣ ਲੱਗੀ। ਕਰਤਾਰ ਸਿੰਘ ਆਪ ਵੀ ਹੈਰਾਨ ਸੀ। ਉਸ ਦਿਨ ਤੋਂ ਬਾਅਦ ਉਹ ਰਬਾਬ ਨੂੰ ਇਉਂ ਵਜਾਇਆ ਕਰਦਾ ਜਿਵੇਂ ਬਚਪਨ ਤੋਂ ਹੀ ਸਿੱਖਦਾ ਰਿਹਾ ਹੋਵੇ।

ਬਾਬਾ ਜੀ ਉਸਨੂੰ ਅੰਦਰ ਸੱਦ ਕੇ ਅੱਧਾ-ਪੌਣਾ ਘੰਟਾ 'ਤੂੰ ਹੀ ਨਿਰੰਕਾਰ' ਦਾ ਕੀਰਤਨ ਸੁਣਿਆ ਕਰਦੇ। ਪੰਜ ਛੇ-ਮਹੀਨੇ ਤਾਂ ਲਗਾਤਾਰ ਇਹ ਨੇਮ ਰਿਹਾ। ਇਸ ਤੋਂ ਬਾਅਦ ਵੀ ਕਦੇ-ਕਦੇ ਕਰਤਾਰ ਸਿੰਘ ਨੂੰ ਅੰਦਰ ਸੱਦ ਕੇ ਰਬਾਬ ਦੁਆਰਾ ਕੀਰਤਨ ਸੁਣਦੇ। ਦੀਵਾਨ ਵਿੱਚ ਵੀ ਸੁਣਿਆ ਕਰਦੇ।

ਕੀਰਤਨ ਦੀ ਦਾਤ ਗੁਰੂ ਦੀ ਬਖਸ਼ਿਸ਼ ਹੈ। ਭਾਈ ਮਰਦਾਨਾ ਜੀ ਨੂੰ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਬਖਸ਼ਿਸ਼ ਕੀਤੀ। ਐਸੀ ਬਖਸ਼ਿਸ਼! ਪੀੜ੍ਹੀਆਂ ਤੱਕ ਕਾਇਮ ਰਹੀ ਅਤੇ ਰਹੇਗੀ। ਐਸੀ ਕਿਰਪਾ ਕਿ ਪੰਚਮ ਪਾਤਸ਼ਾਹੀ ਤੱਕ ਉਨ੍ਹਾਂ ਪਾਸੋਂ ਹੀ ਕੀਰਤਨ ਸੁਣਦੇ ਰਹੇ, ਪਰ ਜਦ ਸੱਤੇ-ਬਲਵੰਡੇ ਨੇ ਹੰਕਾਰ ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਬੇਅਦਬੀ ਦੇ ਲਫ਼ਜ਼ ਕਹੇ ਤਾਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਦਾਤ ਸਿੱਖ-

ਸੰਗਤ ਦੀ ਝੋਲੀ ਵਿੱਚ ਪਾ ਦਿੱਤੀ।

ਭਾਈ ਲੱਧਾ ਜੀ ਪਰਉਪਕਾਰੀ ਦੇ ਪਰਉਪਕਾਰ ਸਦਕਾ ਸੱਤਾ-ਬਲਵੰਡਾ ਬਖਸ਼ੇ ਗਏ। ਭਾਈ ਮਰਦਾਨਾ ਜੀ ਦੀ ਬੰਸ ਵਿੱਚ ਕੀਰਤਨ ਦੀ ਕਿਰਪਾ ਅਜੇ ਤੱਕ ਹੈ ਅਤੇ ਰਹੇਗੀ ਪਰ ਨਾਲ ਹੀ ਸਮੂਹ ਸਿੱਖ ਸੰਗਤ 'ਤੇ ਵੀ ਗੁਰੂ ਸਾਹਿਬ ਦੀ ਕੀਰਤਨ ਦੀ ਬਖਸ਼ਿਸ਼ ਅਜੇ ਤੱਕ ਹੈ ਅਤੇ ਰਹੇਗੀ।

ਭਾਈ ਕਰਤਾਰ ਸਿੰਘ ਪਹਿਲਾਂ ਵੀ ਕੀਰਤਨ ਕਰਦਾ ਸੀ। ਬਚਪਨ ਤੋਂ ਹੀ ਸਿਖਲਾਈ ਪ੍ਰਾਪਤ ਕੀਤੀ ਸੀ, ਪਰ ਰਬਾਬ ਵਜਾਉਣ ਦੀ ਜਾਚ ਬਿਨਾਂ ਕਿਸੇ ਸਿਖਲਾਈ ਤੋਂ ਗੁਰੂ-ਘਰ ਤੋਂ ਪ੍ਰਾਪਤ ਕੀਤੀ। ਭਾਵਨਾ ਵਾਲਿਆਂ ਨੂੰ ਮਨ-ਬਾਂਛਤ ਦਾਤਾਂ ਪ੍ਰਾਪਤ ਹੁੰਦੀਆਂ ਨੇ ਤੇ ਜਿਸ ਉੱਤੇ ਗੁਰੂ ਸਾਹਿਬ ਕਿਰਪਾ ਕਰਨ ਤੇ ਆ ਜਾਣ ਬਿਨਾਂ ਮੰਗਿਆ ਹੀ ਝੋਲੀ ਭਰ ਦਿੰਦੇ ਹਨ, ਸੁੱਤਿਆਂ ਨੂੰ ਜਗਾ ਕੇ ਵੀ ਝੋਲੀ ਭਰ ਦਿਆ ਕਰਦੇ ਹਨ-

***ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥***
***ਇਕ ਜਾਗੰਦੇ ਨਾ ਲਹੰਨਿ***
***ਇਕਨਾ ਸੁਤਿਆ ਦੇਇ ਉਠਾਲਿ ॥੧॥***

*(ਅੰਗ ੮੩)*

---

*ਪੰਨਾ 33 ਦਾ ਬਾਕੀ ਹਿੱਸਾ—*

ਵਿੱਚ ਹੋਰ ਵਾਧਾ ਹੋ ਗਿਆ, ਇਹ ਤਾਂ ਉਹ ਜੋਤ ਹੈ, ਅੰਦਰ ਬੈਠਿਆਂ ਵੀ ਜਾਣਦੀ ਹੈ, ਨਾਲ ਕੌਣ ਆਇਆ ਹੈ। ਸੰਗਤ ਜੀ, ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਗੁਰੂ ਧਾਰਨ ਕੀਤਾ ਤੇ ਨਿਆਸਰਿਆ ਦੇ ਆਸਰੇ ਬਣ ਗਏ, ਨਿਓਟਿਆਂ ਦੀ ਓਟ ਬਣ ਗਏ। ਹੁਣ ਇੱਥੋਂ ਅੰਦਾਜ਼ਾ ਲਗਾ ਲਓ ਕਿ ਬੀਬੀਆਂ ਦਾ ਕਿੰਨਾ ਵੱਡਾ ਰੋਲ ਹੈ। ਇਹ ਰਾਈਟਰਾਂ ਨੇ ਲਿਖਿਆ ਹੈ, ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਇੰਨੀ ਵੱਡੀ ਪਦਵੀ ਤੇ ਪਹੁੰਚੇ, ਗੁਰੂ ਦੀ ਤੇ ਬੀਬੀ ਅਮਰੋ ਜੀ ਨੂੰ ਵੀ ਧੰਨ ਕਹਿਣਾ ਪਵੇਗਾ ਜਿਹੜੇ ਵਿਚੋਲੇ ਬਣੇ ਹਨ। ਜਿਨ੍ਹਾਂ ਨੇ ਬਾਣੀ ਕੰਠ ਕੀਤੀ ਸੀ ਤੇ ਬੋਲ ਰਹੇ ਸਨ ਤੇ ਬਾਣੀ ਪੜ੍ਹ ਕੇ ਵਿਚੋਲੇ ਬਣੇ। ਕੁਝ ਰਾਈਟਰਾਂ ਨੇ ਲਿਖਿਆ ਹੈ, ਦਾਸ ਬੋਲ ਦਿੰਦਾ ਹੈ, ਪੂਰੀ ਖੋਜ ਤਾਂ ਨਹੀਂ ਕਰ ਸਕਦੇ।

ਹੁਣ ਧਿਆਨ ਦੇਣਾ, ਕੰਮ ਆਉਣ ਵਾਲਾ ਬਚਨ ਹੈ, ਜਦੋਂ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕੋਲ ਗੁਰਿਆਈ ਆਈ ਤੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬੀਬੀ ਅਮਰੋ ਜੀ ਨੂੰ ਇੱਕ ਇਲਾਕੇ ਦਾ ਮੁਖੀ ਥਾਪਿਆ ਹੈ। ਉਹ ਇਲਾਕੇ ਦਾ ਮੁਖੀ ਥਾਪ ਕੇ, ਜਿਸ ਘਰ ਬਾਸਰਕੇ ਰਹਿੰਦੇ ਸੀ, ਉਹ ਘਰ ਦੇ ਨਾਲ ਜਿੰਨੇ ਪਿੰਡ ਉਨ੍ਹਾਂ ਵਿੱਚੋਂ ਸਾਰੀ ਕਾਰ ਭੇਟਾ ਇਕੱਠੀ ਕਰਨੀ ਤੇ ਗੁਰੂ ਘਰ ਪਹੁੰਚਾਉਣੀ ਤੇ ਭਲਾਈ ਦੇ ਕਾਰਜ ਵਿੱਚ ਫੈਸਲੇ ਲੈਣੇ, ਇਹ ਡਿਊਟੀ ਬੀਬੀ ਅਮਰੋ ਜੀ ਨੇ ਆਪਣੀ ਝੋਲੀ ਵਿੱਚ ਪੁਆਈ ਹੋਈ ਸੀ। ਤੀਜਾ ਲਿਖਿਆ ਹੈ ਕਿ ਜਿਹੜੀਆਂ ਮੰਜੀਆਂ ਪ੍ਰਚਾਰ ਲਈ ਮਹਾਰਾਜ ਜੀ ਨੇ ਦਿੱਤੀਆਂ, ਇੱਕ ਮੰਜੀ ਪ੍ਰਚਾਰ ਦੀ ਬੀਬੀ ਅਮਰੋ ਜੀ ਦੀ ਝੋਲੀ ਵਿੱਚ ਪਾਈ ਹੈ। ਚੌਥਾ ਰਾਈਟਰਾਂ ਨੇ ਲਿਖਿਆ ਹੈ ਕਿ ਅੱਜ ਵੀ ਖਡੂਰ ਸਾਹਿਬ ਜਾਓ ਤੇ ਬੀਬੀ ਅਮਰੋ ਜੀ ਦਾ ਖੂਹ ਹੈ ਤੇ ਬਾਸਰਕੇ ਜਾਓ ਤੇ ਬੀਬੀ ਅਮਰੋ ਜੀ ਦਾ ਤਲਾਬ ਹੈ। ਇਸ ਅੰਕ ਵਿੱਚ ਉਨ੍ਹੀਵੇਂ ਭਾਗ ਵਿੱਚ ਉਹ ਮਹਾਨ ਬੀਬੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੇ ਆਪ ਜੀ ਨੇ ਦਰਸ਼ਨ ਕੀਤੇ ਹਨ। ਆਓ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

*—ਅਗਲੇ ਅੰਕ ਵਿੱਚ ਵੀਹਵਾਂ ਭਾਗ ਪੜ੍ਹੋ ਜੀ।*

***

# खालसे की निशानी क्या है?

**परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद**

*–जसविन्द्र सिंघ (पटियाला)*

***नीचह ऊच करै मेरा गोबिंदु काहू ते न डरै॥१॥***

*(अंग ११०६)*

दो बातें गुरु साहिब जी करवा रहे है, एक तो निम्नों से ऊँचा कितना किया है और दूसरा, एक आज यह विचार करनी है, खालसा कौन है? महाराज जी ने आपने खालसे के बारे में क्या कहा?

***खालसा मेरो रूप है खास॥***
***खालसे महि हउ करहूं निवास॥***

*(श्री सरब लोह ग्रंथ, पन्ना ५३१)*

किसी अवतार ने अपने पंथ को इतनी बड़ाई नहीं दी। महाराज कहते कि खालसा मेरा खास रूप है और इसमें मैं निवास करता हूँ। सारी संगत को हाथ जोड़ कर विनती है, नाम के साथ भी जुड़ना है, बाणी से भी जुड़ना है, सेवा से भी जुड़ना है पर जो गुरु का खास रूप है, वह कहीं घरों से निकल न जाए, जो सतिगुरु जी ने दिया, निम्नों से ऊँचा किया। इसलिए हमें सतर्क रहना है, हमने वह करना है जो गुरु साहिब ने हमें सिखाया है, वह कुछ नहीं करना जिससे गुरु साहिब जी ने हमें वर्जित किया है, देखो कितना मान दिया है:

***खालसा मेरो मुख है अंग***

आपके घर कोई गुरसिक्ख आ जाए, पाँच कक्कारों का धारणी हो, बंदगी वाला हो, नाम जपने वाला हो, अढ़ाई घण्टे का नितनेमी हो, अभ्यासी हो, किसी का बुरा न करता हो, ऐसा गुरसिक्ख आपके घर में आ जाए और आप उसको भोजन करवाओ, धन्य श्री गुरु गोबिंद सिंघ जी महाराज कहते, भोजन की ग्रास वह गुरसिक्ख अपने मुख में डालेगा, पर पहुँचेगी मेरे मुख में। कितना निम्नों से ऊँचा किया है? क्या यह कोई छोटी बात है कि रसना में से वचन, खालसे का मुख मेरा मुख, कहते :

***खालसा मेरो मुख है अंग***

अंगा, शरीर के अंगों को अंग कहते हैं। कोई आपके घर गुरमुख, गुरसिक्ख आए, आप उसको वस्त्र भेटा करो, वह प्रवान कर ले गुरु साहिब कहते वह वस्त्र पहुँचेंगे मेरे अंगों को। कितनी बड़ी बात है।

*खालसा मेरो मुख है अंग*
*खालसे के हउ बसति सद संग॥१॥*

*(श्री सरब लोह ग्रंथ, पन्ना ५३१)*

शेष बड़ी बारीक सिक्खी है। यह आप ध्यान रखना दोनों तरफ से। अब कोई अढ़ाई घण्टे का नेमी है, गुरसिक्ख है, पाँच कक्कारों का धारणी है, अभ्यासी है, उसको कोई भोजन करवाए तो कलगीधर जी कहते मुझे पहुँचता है और यदि अब वह शरीर भोजन ही करता जाए लोगों के घरों में यह भी ठीक नहीं। गुरसिक्खी में बड़ी डबल पढ़ाई है। गृहस्थी को, संगत को इशारा दिया है, खालसे का मुख मेरा मुख है। सेवा करो और गुरसिक्खों को इशारा दिया है, देखो कहीं चार–चार, पाँच–पाँच घरों में रोज भोजन ही न करते जाना, वस्त्र ही न लेते जाना दोनों को अपनी–अपनी जगह हुक्म है। यहाँ आकर वह वचन याद रखना भुचो मंडी वाले महापुरुषों का जिनकी 200 वर्षीय जन्म शताब्दी आपने जप–तप करके मनाई है। गुरु साहिब जी ने 33 करोड़ जपु जी साहिब जी के पाठ एवं अरबों की संख्या में मूलमंत्र, गुरमंत्र की स्वयं कलगीधर पातशाह जी ने संगत से सेवा ली है, वह कमाई वाले महापुरुष बाबा महा हरनाम सिंघ जी का वचन है, कहते कोई गुरु का सिक्ख अगर किसी के घर भोजन करे, अपने घर आकर पाँच पाठ जपुजी साहिब जी के उसके नाम पर करे तो सफल होता है। यह बड़ी डबल पढ़ाई है। बड़ी बारीक सिक्खी है, इसको सोचकर चलना पड़ता है, इधर भी दरिया है, उधर भी दरिया है, बीच में छोटा–सा मार्ग है, दोनों को समझना होगा तो सचखंड की सड़क पहुँचेगा। यह भुचो मण्डी वाले महापुरुषों का वचन है, यदि कोई गुरु का सिक्ख किसी के वस्त्र ग्रहण कर ले तो 25 पाठ जपु जी साहिब जी के उसके नाम के करे तो सफल होता है। यदि गुरु का सिक्ख किसी की माया ग्रहण कर ले 100 पाठ जपु जी साहिब जी के उसके नाम के करे। बड़ी अजीब पढ़ाई है। अब यह पंक्ति आती है कि कोई गुरमुख नजर आए तो उसकी धूल ले:

*गुरसिखां की हरि धूड़ि देहि*
*हम पापी भी गति पांहि॥*

*(अंग १४२४)*

यह पंक्तियाँ आती हैं:

*जनु नानकु धूड़ि मंगै तिसु गुरसिख की*
*जो आपि जपै अवरह नामु जपावै॥२॥*

*(अंग ३०६)*

हुक्म है हमें कि कोई गुरसिक्ख, गुरमुख रंगा हुआ मिलता है, उसकी धूल ले। हुक्म है। कितनी बारीक सिक्खी है, हुक्म करते हैं कि धूल ले। उधर गुरसिक्ख को हुक्म करते, देखना कहीं धूल मत देते जाना। जो मर्जी आता जाए, पैरों में हाथ लगाता जाए, उधर से गुरसिक्ख को हुक्म है:

*मनु हाली किरसाणी करणी*
*सरमु पाणी तनु खेतु॥*
*नामु बीजु संतोखु सुहागा*
*रखु गरीबी वेसु॥*

*(अंग ५९५)*

उधर से गुरसिक्ख को हुक्म है, गरीबी मत

छोड़ना, नम्रता का चोला पहन कर रखना।

***हउं तिस घोल घुमाइआ***
***गुरमति रिदे गरीबी आवै।***

*(वार १२, पउड़ी ४)*

दोनों जगह अपना–अपना हुक्म है। यह बड़ी बारीक सिक्खी है। इसको समझना। जो बात चल रही है, फिर वहाँ आना।

***खालसा मेरो मुख है अंग***
***खालसे के हउ बसति सद संग॥१॥***

*(श्री सरब लोह ग्रंथ, पन्ना ५३१)*

धन्य श्री गुरु गोबिंद सिंघ जी ने कितनी बड़ाई दे दी, आगे जाकर कहते :

***खालसा मेरो इसट सुहिरद***
***खालसा मेरो कहिअत बिरद॥***

*(श्री सरब लोह ग्रंथ, पन्ना ५३१)*

थोड़ा और आगे आकर तो हद ही खत्म कर दी। धन्य श्री गुरु गोबिंद सिंघ जी कहते :

***खालसा मेरो सतिगुर पूरा॥***
***खालसा मेरो सजण सूरा॥७॥***

*(श्री सरब लोह ग्रंथ, पन्ना ५३१)*

कितनी बड़ाई दी गुरु साहिब जी ने अपने खालसे को। यह एक सेवा पंथी टकसाल का विद्यार्थी हुआ है। सेवा पंथी टकसाल भाई घनइया जी की टकसाल को कहते हैं, जो कलगीधर महाराज जी के समय से चली है। इस टकसाल के विद्यार्थी ने अमृतपान किया, श्री आनंदपुर साहिब आकर चौदह दिन हो गए वहाँ की सेवा में टिक गया, धन्य श्री गुरु गोबिंद सिंघ जी महाराज कहीं बाहर से कार्य निपटा कर आ रहे थे तो वह सामने आ गया और सतिगुरु जी ने उसको देखा और कहते तूने घर नहीं जाना? अपने नगर नहीं जाना चौदह दिन हो गए? अपने नगर जाओ, कार्य करो। इसके ऐसे हाथ जुड़ गए और जो भाषा इतिहास में लिखी है, कहता है, सतिगुरु यहाँ तो आपके रोज दर्शन पाता हूँ, अपने नगर में आपके दर्शन कैसे करूँगा? जब इतनी बात कही तो पिता जी पता क्या कहते, देखो कितनी बड़ाई दी है खालसे को, कहते अपने नगर दर्शन करने हैं मेरे? कैसे दर्शन हों, कहता जी महाराज! महाराज जी ने इतनी बड़ाई दे दी कहते, जब मेरे दर्शन की इच्छा हो, अपने नगर जाओ, जब मेरे दर्शन की इच्छा हो, पाँच अमृतधारी गुरसिक्खों के दर्शन कर लेना, तुझे उन में से हमारे दर्शन होंगे। कितनी बड़ाई दी खालसे को। अब किसी व्यक्ति को कोई जवाब दिया जाए तो वह आगे से सिर हिलाता है पता लग जाता है चेहरे से तसल्ली हो गई। न उसने सिर हिलाया, न उसके चेहरे पर खुशी आई। सतिगुरु जी कहते बोलता नहीं? हाथ जोड़कर कहता, जी! आपके वचन सत्य हैं, पाँच अमृतधारी गुरसिक्खों में आपके दर्शन होंगे, पर सच्चे पातशाह जी मेरी एक विनती है, अपने नगर में पाँच गुरसिक्ख न मिले तो क्या करूँगा? पाँच हो ही न और मिलें ही न। जब इतनी बात कही तो धन्य श्री गुरु गोबिंद सिंघ जी कहते, फिर अपने नगर जाओ, किसी एक अमृतधारी कमाई वाले, नाम जपने वाले, रहत–बहत वाले गुरसिक्ख के दर्शन कर लेना, तुझे उस में से भी हमारे दर्शन होंगे। देखो, कितना मान दिया है सतिगुरु जी ने अपने खालसे को। अब न

उसका चेहरा हिलता है, सत्य वचन कहता है, पर तसल्ली नहीं चुप है। महाराज कहते, बोलता नहीं? कहता, सतिगुरु आप जी के वचन सत्य हैं। किसी एक अमृतधारी गुरुसिक्ख में से आपके दर्शन मुझे होंगे, नगर में पर सच्चे पातशाह जी यदि एक भी गुरसिक्ख न मिले। फिर महाराज जी ने दर्पण लफ्ज इस्तेमाल किया। दर्पण कहते हैं, शीशे को जब कहता जी एक भी गुरसिक्ख न मिले, फिर कितनी बड़ाई दी सतिगुरु जी ने खालसे को? महाराज कहते, अपने नगर जाओ यदि एक भी न मिले तो तुम स्वयं ही अमृत वेले केशों सहित स्नान करके अढ़ाई घण्टे का नितनेम करके तैयार बर तैयार होकर दर्पण में अपना मुख देख लेना, तुझे अपने मुख में से हमारे दर्शन होंगे।

***नीचह ऊच करै मेरा गोबिंदु काहू ते न डरै।।१।।***

*(अंग ११०६)*

कितना निम्नों से ऊँचा किया है। खालसे के मुख को अपना मुख कह दिया। खालसे के अंगों को अपने अंग कह दिया। अब यह विचार सतिगुरु जी सेवा लें।

***नीचह ऊच करै मेरा गोबिंदु काहू ते न डरै।।१।।***

*(अंग ११०६)*

जरुरी नहीं जिसने लम्बी पोशाक डाली है, वह ही खालसा है हो सकता है जिसने पैंट कमीज या पैंट कोट डाला हो, खालसा है, खालसा है कौन? खालसे के गुण उसमें ही हों। क्योंकि खालसा करनी का नाम है। खालस। खालसा कौन है? बात जरा डिटेल से खुल जाए। रमदास के पास जहाँ बाबा बुड्ढा साहिब जी ने शरीर त्यागा है। एक दिन पहले बाबा जी ने संदेश भेज दिया था, छठे पातशाह जी को कि हमने महाराज कल शरीर त्याग देना है, छठे पातशाह जी मेरी भावना है, मेरा अंतिम श्वास आपके चरणों में निकले।

***कबीर मुहि मरने का चाउ है***
***मरउ त हरि कै दुआर।।***

*(अंग १३६७)*

दर्शन दीजिए। छठे पातशाह जी स्वयं गए रमदास, पुराना समय। चौड़े पावों वाली चारपाई, एक चारपाई पर बाबा बुड्ढा साहिब जी लेटे हुए हैं, दूसरी चारपाई पर छठे पातशाह जी बैठे हैं, साथ बाबा बिधी चंद जी बैठे हुए हैं। ऐसे ही संगतें जुड़ी हुई हैं। आप बताओ, वह रात कैसी होगी? अब आपको हमें तो नहीं पता कि मौत ने कब आना है, पर नाम जप–जप कर जिनके मन का शीशा साफ हो गया हो, उनको अंतिम समय भी पता लग जाता है। बाबा बुड्ढा जी ने कहा था कल शरीर त्याग देना है। वह रात कैसी होगी बताओ कि सारी संगत को कितना वैराग होगा कि आज की रात बाबा बुड्ढा साहिब जी की अंतिम रात है। कल इन्होंने चले जाना है। कुछ गांव के दो–तीन मुखी और साथ बाबा बिधी चंद जी, वे उठे और बाबा बुड्ढा जी के आगे दामन फैलाकर कहते हैं, बाबा बुड्ढा साहिब जी, आपकी दुनियावी उम्र 125 साल है, 12 साल के थे जब आप धन्य श्री गुरु नानक महाराज जी के चरणों में आए। 125 सालों में से 12 कम कर दें तो 113 साल आपने सिक्खी कमाई है। देखो, खालसा कौन है। 113 साल बाबा बुड्ढा साहिब

जी आपने सिक्खी कमाई है, आज आप कहते हो कल शरीर त्याग देना है, कल धरती से कूच कर जाना है, सारी संगत की विनती है बाबा बुड्ढा साहिब जी, 113 साल का कोई अनुभव संगत को प्रदान कर दो। 113 सालों का अनुभव, 113 सालों का कोई निष्कर्ष।

आम घरों में कहते हैं कि तूने कोई काम करना है तो बुजुर्गो से सलाह ले ले। क्योंकि बुजुर्ग उस स्थिति में से गुजरे होते हैं। उनको फिर लाभ–हानि पता होती है। 113 साल सिक्खी किसी ने कमाई हो, कोई छोटी बात नहीं। 113 सालों का कोई निष्कर्ष प्रदान कर दो तो बाबा बुड्ढा साहिब जी ने निष्कर्ष प्रदान किया। वे दोनों निष्कर्ष आज धारण करना। पहला निष्कर्ष क्या पाया? भाई बिधी चंद व कुछ गुरसिक्खों ने जब विनती की, बाबा जी आप जी ने धन्य गुरु नानक महाराज जी के घर की 113 साल सिक्खी कमाई है, कोई निष्कर्ष प्रदान करो तो बाबा बुड्ढा साहिब जी ने पहला निष्कर्ष प्रदान किया, कहते, भाई बाणी भी पढ़ो, सिमरन भी करो, सेवा भी करो पर सब कुछ करते टेक धन्य श्री गुरु नानक देव जी महाराज की रखो, कहीं टेक हिल न जाए। वह खालसा है, जिसकी टेक नहीं हिली। वह खालसा है, जिसकी टेक दृढ़ है। आप जितनी भी संगत सत्संग में जाते हो, आपकी टेक इतनी दृढ़ हो कि पता लगे धन्य श्री गुरु नानक देव जी महाराज के स्कूल (सत्संग) में जुड़ने वाले विद्यार्थी हैं। कोई सोने का भी बनकर दिखा दे, लेकिन टेक नहीं हिलनी चाहिए। ध्यान दो, टी.वी. पर कोई प्रोग्राम आ गया, ज्योतिषी बैठा है, नग वेचने के लिए उसके साथ एक स्त्री बैठी है, स्त्री चिट्ठी पढ़ रही है। ज्योतिषी जी अमुक की चिट्ठी आई है, उसके घर क्लेश बहुत है। ज्योतिषी कहता है, आपने पन्ना धारण करना है। नग का नाम है पन्ना। नीलम भी कहते है। यह अलग–अलग नाम है नगों के। उनको कह दो पन्ना धारण कर लो, घर का क्लेश मिट जाएगा। आप सुन रहे हो, आप कहते हो झगड़ा तो हमारे घर में भी रहता है। थोड़ी बहुत हमारे घर भी लड़ाई रहती है, आप भी चले जाते हो, मैं भी पन्ना (नग) धारण कर लूं, घर का क्लेश मिट जाएगा। ज्योतिषी बैठा है, प्रोग्राम चल रहा है, स्त्री चिट्ठी खोलती है, अमुक का हाथ बड़ा टाइट है, वह कहता है नीलम नग धारण कर लो, बरकत हो जाएगी। हाथ टाइट वाला काम खत्म हो जाएगा। आप देख रहे हो, आपने उसको ग्रहण कर लिया, अपने दिमाग में डाल लिया कि नीलम धारण कर लूं तो घर की जो टाईटनैस है, ठीक हो जाएगी है। अब आप में से जितने बैठे हो, आप में से किसी ने चाव से अंगूठी डाली है तो अलग बात है, लेकिन ऐसी भावना से नग डाला है कि नग धाराण करने से हमारे घर बरकत हो जाएगी, इस नग से बच्चे कंट्रोल में हो जाते हैं और इस नग से घर का क्लेश नहीं रहता तो समझ लेना नग बड़ा हो गया, भाव टेक हिल गई। श्री गुरु ग्रंथ साहिब जी छोटे हो गए। फिर तो नग बड़ा हो गया। सारे आज ध्यान दो, बाबा बुड्ढा साहिब जी का पहला वचन आज हमारे घरों में संभाला है? हमारी टेक नग न बन जाए, हमारी टेक ज्योतिषी न बन जाए, हमारी टेक सयाना न बन जाए, हमारी टेक कोई और द्वार न बन जाए, सब कुछ

करते टेक धन्य श्री गुरु नानक देव जी महाराज, धन्य श्री गुरु ग्रंथ साहिब जी की रहे। यह है खालसे की पहली निशानी।

अब दूसरी निशानी भी जो बाबा बुड्ढा साहिब जी ने कही, वह भी बड़ी कीमती है। बाबा बुड्ढा साहिब जी ने दूसरा वचन किया, बहुत ध्यान देने वाला है। कहते, सिक्ख अपने जीवन में किसी गुण द्वारा आगे चला जाए, जिंदगी में गुर प्रसादि न भूल जाए। रूप बड़ा सुंदर है, जवानी बहुत है, माया बहुत आ गई है, लीडर बन गया है, राजा बन गया या कोई अन्य गुण आ गया है, कहते जितने मर्जी गुण आ जाएँ पर अपने हृदय का बर्तन जो है, वह नम्रता का, वह न भूल जाए। अपने गुरु से गुर प्रसादि मांगना न भूल जाए। गुर प्रसादि। यह जो कुछ है, गुरु तेरी कृपा से। मैं इस स्वाद को कैसे बताऊँ? ये सारे जितने भी सत्संग करने आते हो, चाहे दरबार साहिब जाओ, शहीदां साहिब जाओ, रामसर साहिब जाओ, किसी अन्य संगत के प्रोग्राम में जाओ, एक बात धारण कर लो, वह क्या? बाबा जी कहते, गुर प्रसादि का बर्तन बनाकर रखो। नम्रता का बर्तन बना कर रखो। वह न भूल जाए।

बाबा बुड्ढा साहिब जी कहते, असली खालसा वह है जो मैं को निकट नहीं आने देता, तू ही तू ही और नम्रता की पढ़ाई में रहता है, जिसका मतलब कि सदा शुक्राने में, हर वक्त। दास यह पंक्ति पढ़ता है तो बड़ा हैरान होता है।

***डंडउति बंदन अनिक बार सरब कला समरथ।।***

*(अंग २५६)*

छह–छह बार लेट कर नमस्कार करना अनेक बार सतिगुरु कहते, एक बार नहीं अनेक बार, क्योंकि सूक्ष्म मार्ग है। उदाहरण के तौर पर आपकी बहन का कोई बच्चा है, आठ साल का है। जपु जी साहिब सुना रहा है, उस समय आपको बड़ा प्यारा लग रहा है, सुनने वाले को भी प्यारा लग रहा है। उम्र आठ साल है, चौपई साहिब भी सुना रहा है। बड़ा प्यारा लग रहा है, कहते जब आपका बच्चा जपु जी साहिब, चौपई साहिब सुना रहा है, आपको बहुत अच्छा लग रहा है, कहते अपने अंदर से इतनी डंडवत कर कि सतिगुरु तेरी कृपा, तेरी कृपा, इसने जो कुछ सुनाया है, बाड़ लगाई रखना। जो एक कच्चा व्यक्ति हो, गुस्सा मत करना, उस समय मैं का आना शुरु हो जाता है, वह स्थान–स्थान पर छोटी और आम जगह पर भी कई बार डींगे मारता है, मेरा बच्चा बहुत अच्छा है, जी इसको जपु जी साहिब का पाठ भी आता है और चौपई साहिब भी वह भी कंठ। चाहे अभी सुन लो। कोई पूछे किसने याद करवाया है तो मुँह से निकलता है मैंने करवाया है और किसने करवाना है। अब यह नहीं कि बच्चे के बारे में किसी को बताना नहीं बताओ, पर अंदर यह भावना रहे सतिगुरु जी की कृपा से मेरे बच्चे को पाठ कंठ है। बस इतनी सी बात है कहीं समझ आ जाए। जो इस मैं को मार जाए। वह खालसा है।

संत अतर सिंघ जी के सेवक थे भाई गोपाल सिंघ। संत अतर सिंघ जी ने डयूटी लगाई मालवा की तरफ प्रचार करने की कि उधर जाओ आपकी डयूटी है। वह जैसे आपके

